ਮਾਸਕ ਪੱਤਰ

ੴ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਨਿਰੰਕਾਰ ਆਕਾਰ ਕਰਿ, ਜੋਤਿ ਸਰੂਪ ਅਨੂਪ ਦਿਖਾਇਆ ॥
ਬੇਦ ਕਤੇਬ ਅਗੋਚਰਾ, ਵਾਹਿਗੁਰੂ ਗੁਰ ਸਬਦੁ ਸੁਣਾਇਆ ॥

ਵਾਹਿਗੁਰੂ

JUL 1994

ਜੁਲਾਈ ੧੯੯੪

www.AKJ.Org

# ਤਤਕਰਾ


| | | |
|---|---|---|
| ਜਪਹੁ ਤ ਏਕੋ ਨਾਮਾ | ੩ | ਸੂਹੀ ਮਹਲਾ ੧ |
| ਨਾਮ ਅਭਿਆਸ ਦੀ ਗੁਰਮਤਿ ਜੁਗਤੀ (ਸ਼ਬਦ-ਵਿਆਖਿਆ) | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰ ਮੰਤ੍ਰ ਤੇ ਇਸ ਦਾ ਜਾਪ | ੭ | ਪ੍ਰੋਫੈਸਰ ਹਰਬੰਸ ਸਿੰਘ ਜੀ |
| ਹਉਮੈ ਦੀਰਘ ਰੋਗੁ ਹੈ | ੧੦ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਏਕੈ ਰੇ ਹਰਿ ਏਕੈ ਜਾਨ | ੧੪ | ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ |
| ਗੁਰਮਤਿ ਵਿਚ 'ਕਾਲ' ਤੇ 'ਅਉਸਰ' ਦਾ ਸੰਕਲਪ (੨) | ੧੭ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੨੮) | ੨੨ | ... |
| ਮੂਲ ਮੰਤਰ ਦਾ ਵਿਕਾਸ ਤੇ ਤਬਦੀਲੀ ? | ੨੫ | ਡਾਕਟਰ ਵਿਕਰਮ ਸਿੰਘ ਜੀ |
| ਸ਼ਹੀਦੀ ਗੁਰਪੁਰਬ ਸਮੇਂ ਛਬੀਲਾਂ | ੩੦ | ... ... ... |
| ਸ: ਅਮਰਜੀਤ ਸਿੰਘ ਗਰੇਵਾਲ ਦੇ ਖੋਜ-ਨਿਬੰਧ ਸੰਬੰਧੀ | ੩੨ | ਸੂਰਾ ਪਰਵਾਰ |
| ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵਿਸ਼ੇਸ਼ਤਾ | ੩੩ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| 'ਭਲਕੇ' ਅੰਮ੍ਰਿਤ ਵੇਲਾ | ੩੪ | ... ... ... |
| ਭੂਰਿਆਂ ਵਾਲੇ ਰਾਜੇ ਕੀਤੇ (੪੦) | ੩੫ | ਕੈਪਟਨ ਸਵਰਨ ਸਿੰਘ ਜੀ |
| ਸੰਤ ਸਮਾਜ—ਸੰਤ ਸਮਾਗਮ | ੪੦ | ਪ੍ਰਿੰਸੀਪਲ ਗੁਰਮੁਖ ਸਿੰਘ ਜੀ |
| ਡਾ: ਪਿਸ਼ੌਰਾ ਸਿੰਘ ਨੇ ਦੋਸ਼ ਸਵੀਕਾਰ ਕਰ ਲਏ | ੪੩ | ... ... ... |


ਅਗਸਤ ਦਾ 'ਸੂਰਾ' ਲੁਧਿਆਣੇ ਤੋਂ ਪ੍ਰਕਾਸ਼ਤ ਹੋਵੇਗਾ ਜੀ।

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ। ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੨. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੩. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਦੂਖ ਨਿਵਾਰਨ ਸਾਹਿਬ
੪. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, ਪ੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੫. ਜ਼ਿਲਾ ਸੰਗਰੂਰ—(ੳ) ਸ. ਸੁਖਵਿੰਦਰ ਸਿੰਘ ਭੱਟੀ, ਐਡਵੋਕੇਟ, ਸੰਗਰੂਰ ਕੋਰਟ
(ਅ) ਪਿੰਡ ਉਪੋਕੇ [ਉਪਲ ਖੇੜੀ] ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੬. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੭. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੮. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੯. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 24349
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੭-੯੪ ਨੂੰ ਪ੍ਰਕਾਸ਼ਤ ਕੀਤਾ।



www.AKJ.Org

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ
ਦੇਸ ੩੦-੦੦
ਇਕ ਪਰਚਾ ੩-੦੦
ਪਰਦੇਸ (ਸਾਰੇ)
ਸਾਲਾਨਾ ਚੰਦਾ
ਸਮੁੰਦਰੀ ਡਾਕ ੮੦-੦੦
ਹਵਾਈ ਡਾਕ ੨੫੦-੦੦
Foreign Subscription
Sea Mail 80-00
Air Mail 250-00
ਅਮਾਨਤੀ
ਲਾਈਫ ਮੈਂਬਰ
ਦੇਸ ੨੫੦-੦੦
ਪਰਦੇਸ
ਸਮੁੰਦਰੀ ਡਾਕ ੮੦੦-੦੦
ਹਵਾਈ ਡਾਕ ੨੦੦੦-੦੦

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੮ ਜੁਲਾਈ ੧੯੯੪ ਅੰਕ ੭

## ਜਪਹੁ ਤ ਏਕੋ ਨਾਮਾ

ਭਾਂਡਾ ਧੋਇ ਬੈਸਿ ਧੂਪ ਦੇਵਹੁ ਤਉ ਦੂਧੈ ਕਉ ਜਾਵਹੁ ॥
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥
ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ਰਹਾਉ॥
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥
ਰਸਨਾ ਨਾਮੁ ਜਪਹੁ ਤਬ ਮਥੀਐ ਇਨਿ ਬਿਧਿ ਅੰਮ੍ਰਿਤੁ ਪਾਵਹੁ ॥੨॥
ਮਨੁ ਸੰਪਟੁ ਜਿਤੁ ਸਤਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ ਬਿਧਿ ਸਾਹਿਬੁ ਰਵਤੁ ਰਹੈ ॥੩॥
ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥
ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥

[ਰਾਗੁ ਸੂਹੀ ਮਹਲਾ ੧, ਪੰਨਾ ੭੨੮



www.AKJ.Org

# ਨਾਮ ਅਭਿਆਸ ਦੀ ਗੁਰਮਤਿ ਜੁਗਤੀ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਪਿਛੇ ਦਿਤੇ ਗੁਰ-ਸ਼ਬਦ **'ਜਪਹੁ ਤ ਏਕੋ ਨਾਮਾ'** ਦੀ ਵਿਆਖਿਆ—

ਇਸ ਗੁਰ-ਵਾਕ ਦੀ ਅਸਥਾਈ ਦੀ ਤੁਕ ਦਸਦੀ ਹੈ ਕਿ ਇਕ ਨਾਮ-ਜਾਪ-ਅਭਿਆਸ ਕਮਾਈ ਤੋਂ ਬਿਨਾਂ ਹੋਰ ਸਭੇ ਹੀ ਕੰਮ (ਕਰਮ) ਨਿਸਫਲ ਹਨ। ਤਾਂ ਤੇ ਨਾਮ ਅਭਿਆਸ ਕਮਾਈ ਰੂਪੀ ਕਰਮੁ, ਸਿਰ ਕਰਮਨ ਕੇ ਕਰਮੁ ਹੈ। ਨਾਮ ਅਭਿਆਸ ਕਮਾਈ ਰੂਪੀ ਕਰਮ ਕਰਨ ਤੋਂ ਪਹਿਲਾਂ ਅਤਿ ਜ਼ਰੂਰੀ ਹੈ ਕਿ ਸੌਚ ਇਸ਼ਨਾਨ ਕਰ ਕੇ ਕਮਾਈ ਵਿਚ ਜੁਟੇ। ਸਰੀਰਕ ਸਫਾਈ ਪਹਿਲਾਂ ਕਰਨੀ ਪਰਮ ਲਾਜ਼ਮੀ ਹੈ। ਮੈਦਾਨ (ਜੰਗਲ ਪਾਣੀ) ਜਾ ਕੇ ਦਾਤਣ ਕਰੇ। ਫੇਰ ਪੂਰਨ ਸੁੱਧਤਾ ਸਹਿਤ ਇਸ਼ਨਾਨ ਕਰ ਕੇ ਸੁੱਚੇ ਪਵਿੱਤਰ ਸਾਫ਼ ਬਸਤਰ ਸਜਾ ਕੇ ਅੰਮ੍ਰਿਤ ਵੇਲੇ, ਰਾਤਰੀ ਦੇ ਪਿਛਲੇ ਪਹਿਰ, ਨਾਮ ਜਪਣ ਹਿਤ ਜੁਟ ਕੇ ਬੈਠਣ ਲਈ ਤਿਆਰ ਹੋਵੇ। ਜਿਸ ਪ੍ਰਕਾਰ ਦੁੱਧ ਦੋਹਣ (ਧਾਰ ਕਢੰਣ) ਤੋਂ ਪਹਿਲਾਂ ਦੁੱਧ ਕਢਣ ਵਾਲੇ ਭਾਂਡੇ ਦੀ ਸਫਾਈ ਅਤੇ ਪਵਿਤਰਤਾ ਦਰਕਾਰ ਹੈ, ਏਸੇ ਪ੍ਰਕਾਰ ਨਾਮ ਅਭਿਆਸ ਕਮਾਈ ਰੂਪੀ ਦੁੱਧ ਦੋਹਣ ਲਈ ਪਹਿਲਾਂ ਸਰੀਰ ਦੀ ਸਫਾਈ ਅਤੇ ਪਵਿਤਰਤਾ ਅਤਿ ਲੋੜੀਂਦੀ ਸ਼ੈ ਹੈ। ਇਸ਼ਨਾਨ ਆਦਿਕ ਸਫਾਈ ਕੀਤਿਆਂ ਨਾ-ਸਿਰਫ਼ ਸਰੀਰ ਪਵਿਤ੍ਰ ਹੀ ਹੁੰਦਾ ਹੈ, ਬਲਕਿ ਤਨ ਕਰ ਕੇ ਸਾਵਧਾਨਤਾ ਅਤੇ ਸੁਚੇਤਤਾ ਹੋਇ ਆਉਂਦੀ ਹੈ। ਫੇਰ ਨਾਮ ਅਭਿਆਸ (ਕਰਮ) ਰੂਪੀ ਸੁਆਸਾਂ ਦਾ ਬਿਲੋਵਣਾ ਬਿਲੋਵਣ ਲਈ ਸੁਰਤਿ ਰੂਪੀ ਜ਼ਾਗ (ਸਮਾਇਣ, ਜਾਮਣ) ਸੁਤੇ ਸੁਭਾਵ ਹੀ ਲੱਗ ਜਾਂਦਾ ਹੈ। ਯਤਨ ਕੇਵਲ ਏਤਨਾ ਹੀ ਕਰਨਾ ਪੈਂਦਾ ਹੈ ਕਿ ਨਾਮ-ਗੁਰ-ਮੰਤਰ ਰੂਪੀ ਸ਼ਬਦ ਦੀ ਆਹਤ (ਆਵਾਜ਼) ਨਾਲਿ ਸੁਰਤੀ ਨੂੰ ਲਾਵੇ (ਜੋੜੇ)। ਇਹ ਅਭਿਆਸੀ ਜਨ ਦਾ ਸੁਰਤਿ-ਸ਼ਬਦ ਮਈ ਕਰਮ ਹੈ। ਸ਼ਬਦ-ਸੁਰਤੀ-ਨਾਮ ਅਭਿਆਸ ਕਰਨ ਲਗਿਆਂ ਹੋਰ ਆਸ਼ਾਵਾਂ ਵਲੋਂ ਨਿਰਾਸ਼ਾ ਹੋ ਕੇ, ਹੋਰ ਸੰਕਲਪ-ਵਿਕਲਪੀ ਖ਼ਿਆਲਾਂ ਤੋਂ ਨਿਰ-ਖ਼ਿਆਲਾ ਹੋ ਕੇ ਜੁਟੇ। ਇਕ ਵਾਰ ਪਹਿਲ-ਪ੍ਰਿਥਮੇ ਇਤਨੀ ਹੀ ਦਮ-ਕਰਾਰੀ ਕਰਨ ਦੀ ਲੋੜ ਹੈ। ਫੇਰ ਨਾਮ-ਅਭਿਆਸ ਸ਼ਬਦ-ਸੁਰਤਿ ਦੀ ਪਾਰਸ-ਕਲਾ ਆਪੇ ਹੀ ਸੁਰਤੀ ਨੂੰ ਲਿਵ-ਮਗਨ ਕਰ ਲਵੇਗੀ। ਇਤ ਬਿਧਿ ਸੁਆਸ ਅਭਿਆਸੀ ਸ਼ਬਦ-ਸੁਰਤਾਸੀ ਪਾਰਸ-ਕਲਾ ਨਾਲ ਨਾਮ ਰੂਪੀ ਦੁੱਧ ਬਿਲੋਇਆ ਹੋਇਆ (ਰਿੜਕਿਆ ਹੋਇਆ) ਤੱਤ ਜੋਤਿ ਰਹੱਸੀ, ਆਤਮ ਵਿਗੱਸੀ ਮੱਖਣ ਉਪਜਾਉਂਦਾ ਹੈ। ਘੱਟ ਰੂਪੀ ਮਟਕੀ ਚਾਟੀ ਅੰਦਰ ਹੀ ਵਿਗਸਾਉਂਦਾ ਹੈ। ਇਸ ਘੱਟ-ਸਰੀਰ ਰੂਪੀ ਮਟਕੀ ਅੰਦਰ ਨਾਮ ਅਭਿਆਸ ਰੂਪੀ ਸੁਰਤੀ ਸੁਆਸੀ ਜਾਗ ਵਾਲਾ ਦੁੱਧ-ਦਧੀ ਅੱਧਰਿੜਕਾ (ਮਲਾਈ ਵਾਲਾ ਦਹੀਂ) ਬਿਲੋਇਆ (ਰਿੜਕਿਆ) ਜਾਂਦਾ ਹੈ। ਸਰੀਰ ਰੂਪੀ ਮਟਕੇ ਅੰਦਰ ਹੀ ਰਸ-ਜੋਤਿ ਜ਼ਲਵਨੀ ਮੱਖਣ ਪਰਜੁਲਤ ਹੋ ਜਾਂਦਾ ਹੈ।

ਜਿਵੇਂ ਦੁੱਧ ਰਿੜਕਣੇ ਮਧਾਣੇ ਦੇ ਨੇਤਰੇ ਦੀਆਂ ਗੁਲੀਆਂ (ਈਟੀਆਂ) ਦੋਹਾਂ ਹੱਥਾਂ ਵਿਚ ਫੜ ਕੇ, ਮਧਾਣੇ ਨੂੰ ਦੁੱਧ ਰਿੜਕਣ ਲਈ ਹਿਲਾਈਦਾ ਹੈ, ਏਸੇ ਪ੍ਰਕਾਰ ਨਾਮ ਅਭਿਆਸ ਦਾ ਬਿਲੋਵਣਾ ਬਿਲੋਵਣ ਲਈ ਮਨ ਦੀਆਂ ਸੁਰਤੀਆਂ ਨੂੰ ਜੋੜ ਕੇ, ਅਰਧ-ਉਰਧੀ ਸੁਆਸਾਂ ਦਾ ਸੁਰਤਿ ਸ਼ਬਦ ਨਾਲ ਜੋੜਨਾ ਲਾਜ਼ਮੀ ਹੈ। ਜਿਵੇਂ ਨੇਤਰੇ ਦੀ ਗੁੱਲੀ ਇਕ ਹੱਥ ਨਾਲ ਫੜ ਕੇ ਤਾਂ ਆਪਣੇ ਵੱਲ ਖਿਚੀਦੀ ਹੈ ਅਤੇ ਦੂਜੇ ਹੱਥ ਵਾਲੀ ਗੁੱਲੀ ਢਿੱਲੀ ਛੱਡ ਕੇ ਪਰੇ ਨੂੰ ਜਾਣ ਦੇਈਦੀ ਹੈ, ਏਵੇਂ ਜਿਵੇਂ ਸ਼ਬਦ ਅਭਿਆਸ ਦਾ ਬਿਲੋਵਣਾ ਬਿਲੋਈਦਾ ਹੈ। ਸੁਆਸ ਸੁਰਤੀ ਨੂੰ ਖਿੱਚ ਕੇ 'ਵਾਹਿ' ਅਰਥ ਸ਼ਬਦ (ਨਾਮ) ਨੂੰ ਤਾਂ ਉਪਰ ਨੂੰ (ਅੰਤਰਗਤੀ) ਲੈ ਜਾਈਦਾ ਹੈ ਅਤੇ ਜੋਤਿ ਚਮਕ ਪਾਰਸੀ 'ਗੁਰੂ' ਨੂੰ ਰਸਨਾ ਤੇ ਰਸਾ ਕੇ, ਰੜਕਾ ਕੇ ਬਾਹਰਵਾਰ ਨੂੰ ਕਢੀਦਾ ਹੈ। ਇਸ ਬਿਧਿ ਸ਼ਬਦ-ਬਿਲੋਵਣੀ ਨੇਤਰੇ ਰੂਪੀ ਖੰਡਾ ਪੂਰਨ ਸੁਰਤਿ ਅਭਿਆਸ ਨਾਲ ਇਕ-ਰਸ ਅਰਧ ਉਰਧੀ ਸੁਆਸਾਂ ਸੇਤੀ ਖੜਕਾਉਂਦੇ ਹੋਇ ਪੱਕੀ ਸਾਵਧਾਨਤਾ ਅਤੇ ਸੁਜਾਗਤਾ ਰਹਿੰਦੀ ਹੈ; ਕਦੀ ਆਲਸ ਨਹੀਂ ਆਉਂਦੀ। ਜਿਉਂ ਜਿਉਂ ਬਿਲੋਵਣਾ ਬਿਲੋਂਦਿਆਂ ਰਸ-ਤੱਤ-ਜੋਤਿ-ਰਹੱਸ ਉਗਵਣਾ ਅਰੰਭ ਹੁੰਦਾ ਹੈ ਤਿਉਂ ਤਿਉਂ ਸੁਆਸ ਅਭਿਆਸੀ ਖੰਡਾ ਪੂਰੀ ਜ਼ੋਰ ਭਰੀ ਸਾਵਧਾਨਤਾ ਨਾਲ

ਵਧੇਰੇ ਤੋਂ ਵਧੇਰੇ ਖੜਕਦਿਆਂ ਖੜਕਦਿਆਂ ਫੇਰ ਆਤਮ-ਰਸ ਦੇ ਬਿਸਮਾਦ ਸੁਆਦ ਦੇ ਅਧੀਨ, ਆਪੇਂ ਹੀ ਸਾਵਧਾਨਤਾ ਸੁਚੇਤਨੀ ਚੇਤੰਨਤਾ ਆਇ ਸੰਪੂਰਤ ਹੁੰਦੀ ਹੈ, ਜੋ ਕਦੇ ਆਲਸ ਨਿੰਦਰਾ ਆਉਣ ਹੀ ਨਹੀਂ ਦਿੰਦੀ। ਪਹਿਲਾਂ ਪਹਿਲਾਂ ਯਤਨ ਜ਼ਰੂਰ ਕਰਨਾ ਪੈਂਦਾ ਹੈ ਅਤੇ ਯਤਨ ਨਾਲ ਜਾਗ੍ਰਤ ਰੱਖਣ ਦਾ ਸੁਰਤਿ-ਉਪਰਾਲਾ ਕਰਨਾ ਪੈਂਦਾ ਹੈ। ਇਕੁਰ ਬਿਲੋਵਣਾ ਬਿਲੋਵਣ ਦੇ ਸਿਲਸਿਲੇ ਵਿਚ ਸਪੱਸ਼ਟ ਤੌਰ ਤੇ ਰਸਨਾ ਕਰ ਕੇ ਸੁਆਸਾਂ ਦੀ ਸੇੜ੍ਹ ਅੰਦਰ ਨਾਮ-ਜਾਪ ਦਾ ਹੁੰਦੇ ਰਹਿਣਾ ਪਰਮ ਜ਼ਰੂਰੀ ਹੈ।

ਐਸਾ ਨਾ ਹੋਵੇ ਕਿ ਨਿਰੀ ਸੁਆਸਾਂ ਦੀ ਹੀ ਆਹਤ ਆਵਾਜ਼ ਰਹਿ ਜਾਵੇ। ਇਹ ਆਹਤੀ ਸੁਆਸ ਅਭਿਆਸ, ਨਾਮ-ਉਚਾਰ ਦੇ ਰਸ-ਰੰਗਾਂ ਨਾਲਿ ਮਿਸਰਤ ਹੋਇਆ ਰਸਨਾ ਤੋਂ ਨਿਕਸਦਾ ਰਹਿਣਾ ਅਤਿਅੰਤ ਲੋੜੀਂਦਾ ਹੈ। ਨਹੀਂ ਤਾਂ ਫੋਕੀ ਸੁਵਾਸ-ਧੌਂਕਣੀ ਦੀ ਹੌਂਕਣੀ ਨਾਲ ਅੰਮ੍ਰਿਤ-ਤੱਤ-ਰਸ ਅਮਿਉ ਮੱਖਣ ਨਹੀਂ ਨਿਕਲਣਾ। ਨਾ ਹੀ ਅਭਿਆਸ ਅਭਿਆਸਣੀਆ ਦੁੱਧ ਬਣਿਆ ਦੁੱਧ ਮਥਿਆ ਜਾਣਾ ਹੈ। ਇਸ ਬਿਧਿ ਦੁੱਧ ਦਾ ਮਥਣਾ ਰਿੜਕਣਾ ਅਕਾਰਥ ਹੀ ਜਾਵੇਗਾ।

ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥

ਆਮ ਕਰਿ ਰਸਨਾ ਦੇ ਨਾਲ ਰਸ ਰੜਕ ਨਾਲ ਸਪਰਸ਼ ਕੇ ਪਾਰਸ-ਸ਼ਬਦ 'ਗੁਰੂ' ਦੀ ਧੁਨੀ ਦਾ ਧੁੰਨਤ ਹੋਣਾ ਅਤਿਅੰਤ ਹੀ ਲਾਜ਼ਮੀ ਸ਼ੈ ਹੈ। ਏਸ ਪ੍ਰਕਾਰ ਉਪਰ ਨੂੰ ਸੁਆਸ ਖਿਚੱਦਿਆਂ 'ਵਾਹ' ਸ਼ਬਦ ਦੀ ਸਪਰਸਤਾ ਦੀ ਠਿਰਾਲਮੀ ਛੁਹ, ਹਲਕ ਤਾਲੂ ਅਤੇ ਉਪਰਲੇ ਦਸਮ ਦੁਆਰੀ ਪੁਲਾੜ ਅੰਦਰ ਨਿਗਲੀ ਜਾਣੀ ਚਾਹੀਦੀ ਹੈ। ਨਹੀਂ ਤਾਂ ਬਿਸਮਾਦਤਾ ਜ਼ਾਇਆ ਹੋ ਜਾਵੇਗੀ। ਇਹ ਬਿਸਮਾਦਤਾ ਪਾਰਸ-ਸ਼ਬਦ ਧੁਰੋਂ ਆਏ, ਪਰ ਬਿਸਮਾਦੀ ਪਾਰਸ-ਸ਼ਬਦ ਦੀ ਛੁਹ ਨਾਲ, ਪਾਰਸ-ਪ੍ਰਭਾਵੀ ਛੁਹ ਨਾਲ ਹੀ ਹੈ। ਸੁੱਕੇ ਹੇਠਾਂ ਉਤਾਹਾਂ ਲਏ ਸਾਹਾਂ ਦੇ ਚੜ੍ਹਾਉ ਉਤਰਾਉ ਵਿਚ ਇਹ ਪਾਰਸ-ਕਲਾ ਨਹੀਂ ਧਰੀ ਪਈ। ਇਹ ਪਾਰਸ-ਕਲਾ ਵਾਲਾ ਅੰਮ੍ਰਿਤ-ਨਾਮ ਧੁਰ ਅਮਰ ਅਟਾਰਿਆਂ ਤੋਂ ਹੀ ਉਤਰਿਆ ਹੈ। ਕਿਸੇ ਦਾ ਬਣਾਇਆ ਨਹੀਂ ਬਣਿਆ। ਗੁਰੂ ਸਾਹਿਬ ਅਸਾਡੇ ਧੁਰਿ ਅਮਰ ਦਰਗਾਹੀ ਬਸੀਠ ਨੇ ਅਸਾਡੇ ਤੇ ਇਹ ਪਰਮ ਅਮਰ ਪ੍ਰਸਾਦੀ ਕਿਰਪਾ ਕੀਤੀ ਕਿ ਇਹ ਅੰਮ੍ਰਿਤ ਨਾਮ ਸਤਿਗੁਰੂ ਨੇ ਆਪਣੀ ਅੰਮ੍ਰਿਤ ਕਲਾ ਦੁਆਰੇ, ਅਧਿਕਾਰੀ ਜਨਾਂ ਦੇ ਅੰਤਰ-ਆਤਮੇ ਪਰਵੇਸ਼ ਕਰਨ ਦਾ ਧੁਰਵਾ ਬੰਨ੍ਹਿਆ। ਨਹੀਂ ਤਾਂ ਅਲਪੱਗ ਜੀਵਾਂ ਨੂੰ ਆਪਣੀ ਚਤੁਰਾਈ ਭਰੀ ਕਲਾਕਾਰੀ ਦੁਆਰਾ ਇਸ ਦਾ, ਇਸ ਪਾਰਸ-ਭੂਤੀ-ਅੰਮ੍ਰਿਤ-ਨਾਮ ਨੂੰ ਵਰਤਣ ਦਾ ਕੀ ਚੱਜ ਹੋ ਸਕਦਾ ਹੈ। ਆਪੋਂ ਬਣੇ ਆਪ-ਹੁਦਰੇ ਬਨਾਵਟੀ ਸੰਤਾਂ ਦੀ ਜੁਗਤੀ ਸਭ ਬਨਾਵਟੀ ਕੁਚੱਜਤਾ ਵਾਲੀ ਹੀ ਹੁੰਦੀ ਹੈ। ਸੱਚਾ ਸੁਚੱਜ ਸਤਿਗੁਰੂ ਦਸਮੇਸ਼ ਪਾਤਸ਼ਾਹ ਨੇ, ਆਪਣੀ ਅਮਰ ਕਲਾ ਵਾਲੀ ਗੁਰ-ਦਰਗਾਹੋਂ ਪੰਜ ਜਨਾਂ ਦੇ ਪੰਚਾਇਨੀ ਸੀਨਿਆਂ ਅੰਦਰ ਅਮਰ ਜੁਗਤੀ ਨਾਲ ਜੁਗਤਾ ਕੇ ਪਰਚੁਰ ਕੀਤਾ, ਤਾਕਿ ਪਾਰਸ ਰੂਪੀ ਅੰਮ੍ਰਿਤ ਨਾਮ ਦੀ ਪਾਰਸ-ਕਲਾ ਦੀ ਛੁਹ ਅਛੁਹ ਨਾ ਹੋ ਜਾਵੇ। ਮੁਖ ਰਸਨਾ ਸੇਤੀ ਅੰਮ੍ਰਿਤ ਕਲਾਵੀ ਪਾਰਸ ਦਾ ਪਰਸਿਆ ਜਾਣਾ, ਗੁਰਮਤਿ ਦੀ ਸਾਜ਼ ਸੁਰਾਜ਼ੀ ਗੁਹਜ ਜੁਗਤੀ ਹੈ, ਜੋ ਗੁਰਮੁਖਾਂ ਪੰਜਾਂ ਜਨਾਂ ਦੇ ਰਾਜ਼ ਮਰੰਮੀ ਸੀਨਿਆਂ ਅੰਦਰ ਪੁਸ਼ਤ-ਬਪੁਸ਼ਤੀ ਪ੍ਰਚਲਤ ਹੋਈ ਚਲੀ ਆਉਂਦੀ ਹੈ। ਜੋ ਸ੍ਰੀ ਗੁਰੂ ਨਾਨਕ ਦਸਮੇਸ਼ ਦੇ ਸਮੇਂ ਤੋਂ ਲਾ ਕੇ ਲਗਾਤਾਰ ਚਲੀ ਆਉਂਦੀ ਹੈ; ਮਨਮੁਖਾਂ ਨੂੰ ਇਸ ਗੱਲ ਦਾ ਭੇਦ ਨਹੀਂ ਖੁਲ੍ਹਦਾ। ਨਾ ਹੀ ਖੁਲ੍ਹਣਾ ਚਾਹੀਦਾ ਹੈ। ਗੁਰਮਤਿ ਦਰਸਾਇਆ ਇਹ ਸਰਬੋਤਮ ਕਰਮ ਨਾਮ ਅਭਿਆਸ ਦੀ ਜੁਗਤੀ ਦਾ, ਪੰਚ ਪਰਵਾਣ ਪੰਚ ਪ੍ਰਧਾਨ ਗੁਰਮੁਖ ਪਿਆਰਿਆ ਨੂੰ ਹੀ ਸਸ਼ੋਭਤ ਹੈ। ਹੋਰਥੈ ਸ਼ੋਭਾ ਨਹੀਂ ਪਾਉਂਦਾ। ਨਾ ਹੀ ਹੋਰਥੈ ਇਸ ਅੰਮ੍ਰਿਤ ਕਰਮ ਦਾ ਮਰਮ ਕਿਤੇ ਪਾਇਆ ਜਾਂਦਾ ਹੈ। ਬਸ, ਕੇਵਲ ਗੁਰੂ ਘਰ ਵਿਖੇ ਹੀ ਮਹਿਫੂਜ਼ ਹੈ। ਇਹ ਤਾਂ ਉਪਰਲੇ ਗੁਰਵਾਕ ਦੇ ਪਹਿਲੇ ਦੋ ਅੰਕਾਂ ਦਾ ਅਨੁਵਾਦ ਹੈ।

ਦੂਜੇ ਦੋ ਅੰਕਾਂ ਵਿਚ ਆਨ-ਮਤੀਆਂ ਦੀ ਪਾਖੰਡ ਰੂਪ ਠਾਕੁਰ-ਪੂਜਾ ਦਾ ਖੰਡਨ ਕਰ ਕੇ, ਸੱਚੇ ਗੁਰਮਤਿ ਕਰਮ ਨੂੰ ਇਸ ਦੇ ਮੁਕਾਬਲੇ ਤੇ ਪ੍ਰਸਿਧ ਕਰ ਕੇ ਪ੍ਰਧਾਨ ਜਣਾਇਆ ਹੈ। ਆਨਮਤੀ ਕਰਮਚਾਰੀ ਪਾਹਨ (ਪੱਥਰਾਂ) ਦੇ ਠਾਕੁਰ ਬਣਾ ਕੇ (ਸੰਪਟੀ ਬੰਦ) ਡੱਬੇ ਵਿਚ ਰੱਖਦੇ ਹਨ, ਨਦੀ ਵਿਚ ਨਾਵਾਲਦੇ ਹਨ, ਪਤਿਆਂ (ਪੱਤਰਾਂ) ਤੇ ਫੁੱਲਾਂ


www.AKJ.Org

ਦੇ ਚੜ੍ਹਾਵੇ ਚੜ੍ਹਾ ਕੇ ਆਪਣੇ ਮਨ-ਮੰਨੇ ਅਤੇ ਖ਼ੁਦ-ਘੜੇ ਹੋਏ ਠਾਕੁਰਾਂ ਨੂੰ ਪ੍ਰਸੰਨ ਕਰਦੇ ਹਨ। ਇਸ ਪ੍ਰਕਾਰ ਦੀ ਪੂਜਾ ਵਾਲੇ ਆਨਮਤੀ ਕਿਰਿਆ ਕਰਮ ਦੇ ਮੁਕਾਬਲੇ ਵਿਚ ਰੱਬ ਦੇ ਰੀਝਾਉਣ ਵਾਲੀ ਅਸਲੀ ਗੁਰਮਤਿ ਅਗਲੇ ਦੋਹਾਂ ਅੰਕਾਂ ਵਿਚ ਇਸ ਪ੍ਰਕਾਰ ਦਰਸਾਉਂਦੇ ਹਨ ਅਸਾਡੇ ਗੁਰੂ, ਗੁਰੂ ਨਾਨਕ ਸਾਹਿਬ ਜੀ—

ਕਿ ਹਿਰਦੇ ਅੰਦਰ ਹਰੀ ਨੂੰ ਨਾਮ ਅਭਿਆਸ ਦੁਆਰਾ ਵਸਾ ਕੇ ਗੁਰੂ ਘਰ ਦੇ ਸਤਸੰਗ ਦਰਬਾਰ ਵਿਚ ਨਿਤਾਪ੍ਰਤਿ ਹਾਜ਼ਰੀ ਭਰੋ। ਜਿਸ ਕਰਕੇ ਸਾਰੀਆਂ ਕਦੂਰਤਾਂ ਦੂਰ ਹੋ ਜਾਂਦੀਆਂ ਹਨ ਅਤੇ ਇਹ ਮਨੂਆ ਭੀ ਸੁਅੱਛ ਹੋ ਕੇ ਨਿਰਮਲਤਾ ਵਾਲਾ ਹੋ ਜਾਂਦਾ ਹੈ। ਅਤੇ ਪ੍ਰੇਮ ਦਾ ਚੜ੍ਹਾਵਾ ਚੜ੍ਹ ਕੇ ਅਤੇ ਜੀਵਨ ਕੁਰਬਾਨੀ ਦੀ ਅਹੂਤੀ ਦੇ ਕੇ ਪੂਜਾ ਕਰਨ ਨਾਲ ਪਰਮਾਤਮਾ ਪ੍ਰਸੰਨ ਹੁੰਦਾ ਹੈ ਅਤੇ ਤਰੁੱਠ ਕੇ ਆਪਣਾ ਸਦੀਵੀ ਦਰਸ-ਮਿਲਾਪ ਬਖ਼ਸ਼ਦਾ ਹੈ। ਮਨ ਹਿਰਦੇ ਨੂੰ ਹਰੀ ਦੇ ਨਿਵਾਸ ਦਾ ਘੱਟ-ਸੰਪਟੀ ਡੱਬਾ ਬਣਾਵੇ ਅਤੇ ਗੁਰੂ ਘਰ ਦੀ ਸਤਸੰਗਤਿ ਦੇ ਸਰੋਵਰ ਵਿਚ ਇਸ ਦਾ ਅਮਿਉ-ਮੱਜਨੀ ਇਸ਼ਨਾਨ ਕਰੇ। ਅਤੇ ਸ਼ਰਧਾ ਭਾਵਨਾ ਦੇ ਫੁੱਲ ਪੱਤਰ ਚੜ੍ਹਾ ਕੇ ਪਤੀ-ਪਰਮੇਸ਼ਰ ਰੂਪੀ ਦੇਵਤਾ ਦੀ ਸੱਚੀ ਪ੍ਰਸੰਨਤਾ ਲਵੇ। ਆਪਣੇ ਪ੍ਰਾਣ ਤਕ ਭੀ ਅਰਪਣ ਕਰ ਕੇ ਸੇਵਕ ਜਨ, ਸੇਵਾ ਰੂਪੀ ਪੂਜਾ ਕਰੇ। ਤਦ ਜਾ ਕੇ ਉਹ ਸੱਚੇ ਪ੍ਰੀਤਮ ਖਸਮ ਦਾ ਸੰਜੋਗ ਰਸ ਮਾਣ ਸਕਦਾ ਹੈ; ਸ਼ਰਧਾ ਭਾਵਨੀ ਰੂਪ ਪੁਜਾਰੀ ਪਰਮਾਤਮ-ਦੇਵਤਾ ਨੂੰ ਤ੍ਰਿਪਤ ਕਰ ਸਕਦਾ ਹੈ। ਸਾਹਿਬ ਸਚੜੇ ਪਤੀ ਨੂੰ ਰਾਵਣ ਦਾ ਇਕੋ ਇਕ ਜ਼ਰੀਆ ਇਹੋ ਹੈ ਕਿ ਪ੍ਰਾਣ ਮਨ ਤਨ ਸਭ ਕੁਛ ਉਸ ਦੀ ਸੇਵਾ ਦੇ ਮਾਰਗ ਵਿਚ ਅਰਪ ਦੇਵੇ।

ਕਹਿਣ ਵਾਲੇ ਹੋਰ ਹੋਰ ਪੂਜਾਵਾਂ ਵਿਚ ਖਚਿਤ ਹੋ ਕੇ, ਆਨ-ਦੇਵ ਸੇਵਾ ਦੀ ਮਹਿਵਤਾ ਵਿਚ ਦੁਨੀਆ ਤੋਂ ਵਿਦਾ ਹੁੰਦੇ ਚਲੇ ਜਾਂਦੇ ਹਨ, ਪਰੰਤੂ ਹੇ ਵਾਹਿਗੁਰੂ! ਤੇਰੇ ਸਮਸਰ ਦਾ ਨਾ ਕੋਈ ਹੋਰ ਹੋਇਆ ਹੈ ਨਾ ਹੋਵੇਗਾ। ਭਗਤੀ ਤੋਂ ਹੀਣਿਆਂ ਦੀ ਇਹੀ ਜਾਚਨਾ ਹੋਣੀ ਚਾਹੀਦੀ ਹੈ ਕਿ ਇਕੋ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਹੀ ਸਲਾਹੁਣ, ਕਰਮ ਕਮਾਉਣ ਨੂੰ ਮਿਲੇ। ਆਨ ਦੇਵ ਸੇਵ ਟੇਵ ਉੱਕਾ ਹੀ ਮਿਟ ਜਾਵੇ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਭਗਤਿ-ਹੀਣਾਂ ਨੂੰ ਸੱਚਾ ਭਗਤੀ ਭਾਵ ਵਾਲਾ ਪ੍ਰਧਾਨ ਕਰਮ ਜਣਾਉਂਦੇ ਦ੍ਰਿੜ੍ਹਾਉਂਦੇ ਹਨ, ਜਿਸ ਪ੍ਰਧਾਨ ਗੁਰਮੁਖ ਕਰਮ ਦੇ ਬਰਾਬਰ ਹੋਰ ਕੋਈ ਕਰਮ ਨਹੀਂ, ਨਾ ਹੀ ਕੋਈ ਧਰਮ ਹੈ। [‘ਗੁਰਮਤਿ ਕਰਮ ਫ਼ਿਲਾਸਫ਼ੀ’ ਪੁਸਤਕ ਵਿਚੋਂ]

---

[ਸਫ਼ਾ ੧੩ ਦੀ ਬਾਕੀ]

ਸੁੱਖਾਂ ਦਾ ਅਸਥਾਨ, ਜਿੱਥੇ ਹਰਿ ਨਾਮ ਦਾ ਵਾਸਾ ਹੈ, ਸਾਡੇ ਵਾਸਤੇ ਲੱਭ ਕੇ ਦਿੱਤਾ ਹੈ। ਖਸਮ ਦੀ ਬਾਣੀ, ਸੱਚੀ ਬਾਣੀ, ਸਤਿਗੁਰਾਂ, ਮਹਾਂ ਪੁਰਖਾਂ ਦੇ ਹਿਰਦੇ ਵਿਚ ਪ੍ਰਗਟ ਹੋ ਕੇ ਸਾਡੇ ਮਨ ਤੇ ਜੰਮੀ ਹੋਈ ਹਉਮੈ ਦੀ ਮੈਲ ਦੂਰ ਕਰਦੀ ਹੈ—

ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥੨॥੧॥੨੦॥ (ਪੰਨਾ ੧੨੦੮)

ਵਰਤਮਾਨ ਤੇ ਭੂਤ ਕਾਲ ਦੀਆਂ ਘਟਨਾਵਾਂ ਤੋਂ ਐਸੇ ਹਵਾਲੇ ਮਿਲਦੇ ਹਨ ਕਿ ਤਪੱਸਵੀਆਂ ਨੇ ਜਿੱਥੇ ਸਭ ਕਿਛ ਤਿਆਗਿਆ, ਉਥੇ ਉਹ ਅਹੰ ਰੋਗ ਨੂੰ ਨਹੀਂ ਤਿਆਗ ਸਕੇ। ਕਈ ਵਾਰ ਔਸ਼ਧੀ ਵੀ ਇਸ ਦਾ ਖਾਜਾ ਬਣ ਜਾਂਦੀ ਹੈ। ਇਸ ਦੀ ਇਕ ਦੁਆਈ ਸੇਵਾ ਹੈ, ਪਰ ਸੇਵਾ ਵਿਚ ਵੀ ਹੰਕਾਰ ਉਤਪੰਨ ਹੋਣ ਦੀ ਸੰਭਾਵਨਾ ਹੈ। ਗੱਲ ਕੀ, ਇਹ ਰੋਗ ਬਹੁਤ ਢੀਠ, ਜ਼ਿੱਦੀ ਤੇ ਧੋਖੇਬਾਜ਼ ਹੈ। ਸਤਿਗੁਰੂ ਜੀ ਨੇ ਠੀਕ ਹੀ ਇਸ ਨੂੰ ਦੀਰਘ ਰੋਗ ਆਖਿਆ ਹੈ। ਕਿਉਂਕਿ ਕੋਈ ਪੁਰਸ਼ ਆਪਣੀ ਜੁਗਤੀ ਨਾਲ ਇਸ ਤੇ ਭਾਰੂ ਨਹੀਂ ਹੋ ਸਕਦਾ। ਦਾਤਾਰ ਪਿਤਾ ਆਪ ਹੀ ਰਹਿਮਤ ਕਰਨ ਤੇ ਨਾਮ ਨਿਰਮਾਣ ਦੀ ਬਖ਼ਸ਼ਸ਼ ਕਰ ਕੇ ਇਸ ਤੋਂ ਖਲਾਸੀ ਕਰਾਉਣ—

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥੭॥

(ਮ: ੨, ਵਾਰ ਆਸ਼ਾ, ਪੰਨਾ ੪੬੬)


www.AKJ.Org

# ਗੁਰ ਮੰਤ੍ਰ ਤੇ ਇਸ ਦਾ ਜਾਪ

[ਪ੍ਰੋਫੈਸਰ ਹਰਬੰਸ ਸਿੰਘ ਜੀ, ਲੁਧਿਆਣਾ]

**ਗੁਰ ਮੰਤ੍ਰ**—ਧਰਮ ਦਾ ਉਹ ਮੰਤ੍ਰ (ਮਹਾਂ ਵਾਕ ਹੈ) ਜੋ ਧਰਮ ਧਾਰਨ ਸਮੇਂ ਗੁਰੂ ਵਲੋਂ ਉਪਦੇਸ਼ ਕੀਤਾ ਜਾਂਦਾ ਹੈ। ਸਿੱਖ ਧਰਮ ਅੰਦਰ ਗੁਰ ਮੰਤ੍ਰ "ਗੁਰਮਤਿ ਨਾਮ" ਹੈ, ਜਿਹੜਾ ਅੰਮ੍ਰਿਤ-ਸਿੰਚਾਰ ਸਮੇਂ ਗੁਰਮਤਿ ਰਹਿਤ ਵਿਚ ਪਰਪੱਕ ਪੰਜ ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅੰਮ੍ਰਿਤ ਅਭਿਲਾਖੀਆਂ ਨੂੰ ਦ੍ਰਿੜ੍ਹ ਕਰਵਾਉਂਦੇ ਹਨ।

ਅਕਾਲ ਪੁਰਖ ਨੇ ਗੁਰੂ ਨਾਨਕ ਦੇਵ ਜੀ ਦੇ ਰੂਪ ਵਿੱਚ ਪ੍ਰਗਟ ਹੋ ਕੇ, ਬੇਦਾਂ ਕਤੇਬਾਂ ਦੀ ਪਹੁੰਚ ਤੋਂ ਬਾਹਰ, ਸੱਚਾ ਮੰਤ੍ਰ ਸੁਣਾਇਆ—ਨਿਰੰਕਾਰ ਆਕਾਰੁ ਕਰਿ, ਜੋਤਿ ਸਰੂਪ ਅਨੂਪ ਦਿਖਾਇਆ ॥

ਬੇਦ ਕਤੇਬ ਅਗੋਚਰਾ, ਵਾਹਿਗੁਰੂ ਗੁਰ ਸਬਦੁ ਸੁਣਾਇਆ ॥ [ਵਾਰ ੧੨, ਪਉੜੀ ੧੭

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ (ਰਾਵੀ ਨਦੀ ਕਿਨਾਰੇ) ਧਰਮਸਾਲ ਬਣਾਈ ਅਤੇ ਅਕਾਲ ਪੁਰਖ ਤੋਂ ਪ੍ਰਾਪਤ ਹੋਇਆ ਸੱਚਾ ਮੰਤ੍ਰ (ਸਤਿਨਾਮੁ) ਆਪਣੇ ਸਿੱਖਾਂ ਨੂੰ ਗੁਰ-ਦੀਖਿਆ ਵਜੋਂ ਦਿੱਤਾ—

ਧਰਮਸਾਲ ਕਰਤਾਰਪੁਰ ਸਾਧ ਸੰਗਤਿ ਸਚਖੰਡ ਵਸਾਇਆ ॥
ਵਾਹਿਗੁਰੂ ਗੁਰ ਸਬਦੁ ਸੁਣਾਇਆ ॥ (ਵਾਰ ੨੪, ਪਉੜੀ ੧)

ਐਸੇ ਸਤਿਗੁਰੂ ਨੂੰ ਨਮਸਕਾਰ ਹੈ, ਜਿਸ ਨੇ ਭਵਜਲ (ਸੰਸਾਰ ਸਮੁੰਦਰ) ਵਿਚ ਡੁੱਬਦੇ ਜਾਂਦੇ ਬੰਦਿਆਂ ਨੂੰ ਬਾਹਰ ਕੱਢ ਕੇ ਮੁਕਤੀ (ਵਿਕਾਰਾਂ ਤੋਂ ਖਲਾਸੀ) ਦੇ ਰਾਹ ਪਾ ਦਿੱਤਾ—

—ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ ॥
ਭਵਜਲ ਵਿਚੋਂ ਕਢ ਕੇ ਮੁਕਤਿ ਪਦਾਰਥ ਮਾਹਿ ਸਮਾਇਆ ॥ (ਵਾਰ ੧, ਪਉੜੀ ੧)
—ਕਲਜੁਗ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ ॥
ਕਲਿ ਤਾਰਣ ਗੁਰ ਨਾਨਕ ਆਇਆ ॥ (ਵਾਰ ੧, ਪਉੜੀ ੨੩)

ਹਾਂ ਜੀ ! ਸਾਡੇ ਵਰਗੇ ਪਾਪੀਆਂ ਦਾ ਪਾਰ-ਉਤਾਰਾ ਕਰਨ ਵਾਸਤੇ ਅਕਾਲ ਰੂਪ ਬਾਬੇ ਨਾਨਕ ਨੇ ਕਲਹ ਕਲੇਸ਼ ਦੇ ਸਮੇਂ (ਕਲਜੁਗ ਵਿੱਚ) ਪ੍ਰਗਟ ਹੋ ਕੇ ਸਤਿਨਾਮੁ ਮੰਤ੍ਰ (ਵਾਹਿਗੁਰੂ ਮੰਤ੍ਰ) ਸੁਣਾਇਆ।

ਸ੍ਰੀ ਗੁਰੂ ਰਾਮ ਦਾਸ ਜੀ ਆਪਣੇ ਸਤਿਗੁਰੂ ਤੋਂ ਬਲਿਹਾਰੇ ਜਾਂਦੇ ਹਨ, ਜਿਸਨੇ ਗੁਪਤ ਨਾਮ ਪ੍ਰਗਟ ਕਰ ਦਿੱਤਾ—

ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥੨॥੫॥ (ਪੰਨਾ ੬੯੭)

ਪੂਰੇ ਸਤਿਗੁਰੂ ਕੋਲ ਨਾਮ ਰੂਪ ਅਮੋਲਕ ਰਤਨ ਹੈ। ਸਤਿਗੁਰੂ ਦੀ ਸ਼ਰਨ ਆਉਣ ਨਾਲ ਸਤਿਗੁਰੂ ਦੀ ਸੇਵਾ ਵਿਚ ਲੱਗਣ ਸਦਕਾ ਉਹ (ਸਤਿਗੁਰੂ) ਨਾਮ ਦਾ ਪ੍ਰਕਾਸ਼ ਕਰ ਦਿੰਦਾ ਹੈ—

ਨਾਮੁ ਅਮੋਲਕੁ ਰਤਨੁ ਹੈ, ਪੂਰੇ ਸਤਿਗੁਰ ਪਾਸਿ ॥
ਸਤਿਗੁਰ ਸੇਵੈ ਲਗਿਆ, ਕਢਿ ਰਤਨੁ ਦੇਵੈ ਪਰਗਾਸਿ ॥੨॥੬੬॥ (ਪੰਨਾ ੪੦)

ਪੂਰਾ ਗੁਰੂ **ਗੁਰ ਮੰਤ੍ਰ** ਦ੍ਰਿੜ੍ਹ ਕਰਾ ਦਿੰਦਾ ਹੈ, ਅੰਮ੍ਰਿਤ ਜਲ ਮੁੱਖ ਵਿਚ ਚੋ ਦਿੰਦਾ ਹੈ, ਜਿਸ ਸਦਕਾ ਸੁੱਕਾ ਮਨ ਤੇ ਤਨ ਹਰਿਆ ਭਰਿਆ ਹੋ ਜਾਂਦਾ ਹੈ—

ਗੁਰ ਮੰਤ੍ਰ ਦ੍ਰਿੜਾਏ, ਹਰਿ ਰਸਕਿ ਰਸਾਏ, ਹਰਿ ਅੰਮ੍ਰਿਤੁ ਹਰਿ ਮੁਖਿ ਚੋਇ ਜੀਉ ॥੪॥ (ਪੰਨਾ ੪੪੭)

ਸੱਚੇ ਗੁਰੂ (ਸਤਿਗੁਰੂ) ਤੋਂ **ਗੁਰ ਮੰਤ੍ਰ** ਮਿਲਣ ਸਦਕਾ ਮਨ ਵਿਚ ਅਨੰਦ ਵਸ ਜਾਂਦਾ ਹੈ, ਮਨ ਟਿਕਾਅ ਵਿਚ ਆ ਜਾਂਦਾ ਹੈ ਅਤੇ ਮਾਇਆ ਦੀ ਤ੍ਰਿਸ਼ਨਾ ਬੁਝ ਜਾਂਦੀ ਹੈ—

ਮਨਿ ਆਨੰਦੁ ਮੰਤ੍ਰ ਗੁਰਿ ਦੀਆ ॥ ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ ॥੩॥੬੫॥ (ਪੰਨਾ ੩੮੭)

ਜਿਸ ਮਨੁੱਖ ਨੂੰ ਸਤਿਗੁਰੂ ਪਾਸੋਂ **ਗੁਰ ਮੰਤ੍ਰ** ਮਿਲ ਜਾਂਦਾ ਹੈ ਉਹ ਜਨਮ ਮਰਨ ਦੇ ਚੱਕਰ ਵਿਚ ਨਹੀਂ



www.AKJ.Org

ਆਉਂਦਾ— — ਗੁਰ ਮੰਤ੍ਰ ਅਵਖਧੁ ਨਾਮੁ ਦੀਨਾ, ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥(ਪੰਨਾ ੧੦੦੨)

— ਤਿਸੁ ਬਾਹੁੜਿ ਗਰਭਿ ਨ ਪਾਵਹੀ, ਜਿਸੁ ਦੇਵਹਿ ਗੁਰ ਮੰਤਾ ॥ (ਪੰਨਾ ੧੦੯੫)

**ਸਤਿਗੁਰੂ ਜਿਸ ਨੂੰ ਗੁਰ ਮੰਤ੍ਰ** ਦੇ ਦਿੰਦਾ ਹੈ ਉਸ ਨੂੰ ਕਿਧਰੋਂ ਨਾਂਹ ਨਹੀਂ ਹੁੰਦੀ, ਉਸ ਦੇ ਸਾਰੇ ਕੰਮ ਰਾਸ ਆ **ਜਾਂਦੇ ਹਨ**— ਨੰਨਾਕਾਰੁ ਨ ਹੋਤਾ ਤਾ ਕਹੂ ॥ ਨਾਮੁ ਮੰਤ੍ਰ ਗੁਰਿ ਦੀਨੋ ਜਾ ਕਹੂ ॥੩੬॥ ਪੰਨਾ ੨੫੭)

ਜਿਸ ਮਨੁੱਖ ਦੇ ਹਿਰਦੇ ਵਿਚ **ਗੁਰਮੰਤ੍ਰ** ਵਸ ਜਾਂਦਾ ਹੈ ਉਸ ਨੂੰ ਦੁਖ, ਕਲੇਸ਼ ਤੇ ਡਰ ਨਹੀਂ ਵਿਆਪਦਾ—

**ਦੂਖੁ** ਕਲੇਸੁ ਨ ਭਉ ਬਿਆਪੈ, ਗੁਰ ਮੰਤ੍ਰ ਹਿਰਦੈ ਹੋਇ ॥੨॥੯੪॥ (ਪੰਨਾ ੫੧)

ਇਸੇ ਕਰ ਕੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ—

ਚਲਤ ਬੈਸਤ ਸੋਵਤ ਜਾਗਤ, ਗੁਰ ਮੰਤ੍ਰ ਰਿਦੈ ਚਿਤਾਰਿ ॥੧॥੨੭॥ (ਪੰਨਾ ੧੦੦੬)

**ਗੁਰ ਮੰਤ੍ਰ**—ਗਰੁੜਾਰੀ-ਮੰਤ੍ਰ ਹੈ, ਜਿਹੜਾ ਮਾਇਆ ਰੂਪੀ ਸਰਪ ਦੀ ਜ਼ਹਿਰ ਨੂੰ ਨਸ਼ਟ ਕਰ ਦਿੰਦਾ ਹੈ। ਜਿਸ **ਮਨੁੱਖ ਦੇ ਮੂੰਹ ਵਿਚ** ਗਰੁੜ ਰੂਪ-ਸ਼ਬਦ (ਗੁਰ ਮੰਤ੍ਰ) ਹੁੰਦਾ ਹੈ ਉਸ ਨੂੰ ਮਾਇਆ ਰੂਪ ਸੱਪ ਦਾ ਕੋਈ ਡਰ ਨਹੀਂ **ਰਹਿੰਦਾ**— ਗਰੁੜ ਮੁਖਿ ਨਹੀ ਸਰਪ ਤ੍ਰਾਸ ॥੩॥੩॥ (ਪੰਨਾ ੮੮੭)

**ਗੁਰ ਮੰਤ੍ਰ** ਗੁਰੂ ਕੇ ਸਿੱਖਾਂ ਲਈ ਟੋਹ ਲਾਉਣ ਵਾਲੀ ਸੋਟੀ ਹੈ, ਜਿਸ ਨਾਲ ਜੀਵਨ-ਪੰਧ (ਰਸਤੇ) ਦੇ ਉਚੇ ਨੀਵੇਂ ਥਾਂ ਦਾ ਪਤਾ ਲੱਗਦਾ ਰਹਿੰਦਾ ਹੈ ਅਤੇ ਮਨੁੱਖ ਟੋਇਆਂ ਟਿੱਬਿਆਂ ਤੋਂ ਬਚਿਆ ਰਹਿੰਦਾ ਹੈ, ਭਾਵ, ਮਾਇਆ ਦੇ ਠੇਡਿਆਂ ਤੋਂ ਬਚ ਕੇ ਗੁਰਮਤਿ-ਗਾਡੀ-ਰਾਹ ਤੇ ਬੇਰੋਕ ਆਪਣੇ ਨਿਸ਼ਾਨੇ ਵੱਲ ਤੁਰਿਆ ਜਾਂਦਾ ਹੈ—

ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ ॥

ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਵਾਰੈ ॥੬॥੨੨॥ (ਆਸਾ ਮ: ੧, ਪੰਨਾ ੪੨੨)

**ਗੁਰੂ ਕੇ ਸਿੱਖਾਂ ਵਾਸਤੇ ਗੁਰ ਮੰਤ੍ਰ** (ਗੁਰਮਤਿ ਨਾਮ) ਜਹਾਜ਼ ਹੈ, ਜਿਸ ਤੇ ਚੜ੍ਹ ਕੇ, ਭਾਵ ਜਿਸ ਨਾਲ ਸੁਰਤਿ **ਜੋੜ ਕੇ ਸੰਸਾਰ-ਸਮੁੰਦਰ** (ਭਵ-ਸਾਗਰ) ਵਿਚੋਂ ਪਾਰ ਹੋ ਜਾਂਦੇ ਹਨ—

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥੫॥ (ਪੰਨਾ ੯੩੮)

ਰੱਬ ਤੋਂ ਟੁੱਟੇ ਹੋਏ ਸਾਕਤ (ਨਾਸਤਕ) ਲੋਕਾਂ ਨੂੰ ਸ਼ਬਦ-ਸੁਰਤਿ ਦਾ ਕੋਈ ਥਹੁ-ਪਤਾ ਹੀ ਨਹੀਂ ਲੱਗਦਾ, **ਉਹ ਜਨਮ ਮਰਨ ਦੇ ਚੱਕਰ ਵਿਚ ਹੀ ਫਸੇ ਰਹਿੰਦੇ ਹਨ**—

**ਸਾਕਤ** ਨਰਿ ਸਬਦ ਸੁਰਤਿ ਕਿਉ ਪਾਈਐ ॥ ਸਬਦ ਸੁਰਤਿ ਬਿਨੁ ਆਈਐ ਜਾਈਐ ॥੧੦॥(੧੦੪੨)

ਜਿਹੜੇ ਮਨੁੱਖ ਨਿਗੁਰੇ ਹੀ ਫਿਰ ਰਹੇ ਹਨ, ਜੋ ਹਾਲੇ ਤੀਕ ਪੂਰਨ ਗੁਰੂ ਦੇ ਲੜ ਨਹੀਂ ਲੱਗੇ, ਉਨ੍ਹਾਂ ਕੋਲ **ਨਾਮ** (ਗੁਰ ਮੰਤ੍ਰ)ਕਿੱਥੇ? **ਗੁਰ ਮੰਤ੍ਰ-ਹੀਣ ਪ੍ਰਾਣੀਆਂ** ਦਾ ਨਕਸ਼ਾ ਤਾਂ ਗੁਰੂ ਅਰਜਨ ਦੇਵ ਜੀ ਇਉਂ ਖਿੱਚਦੇ ਹਨ—

ਗੁਰਮੰਤ੍ਰ ਹੀਣਸੑ ਜੋ ਪ੍ਰਾਣੀ, ਧ੍ਰਿਗੰਤ ਜਨਮ ਭ੍ਰਸਟਣਹ ॥

ਕੂਕਰਹ, ਸੂਕਰਹ, ਗਰਧਭਹ, ਕਾਕਹ ਸਰਪਨਹ ਤੁਲਿ ਖਲਹ ॥੩੩॥ (ਪੰਨਾ ੧੩੫੬-੫੭)

ਭਾਵ, ਗੁਰ ਮੰਤ੍ਰ ਤੋਂ ਸਖਣੇ (ਖ਼ਾਲੀ) ਭੈੜੀ ਬੁਧਿ ਵਾਲੇ ਬੰਦੇ ਦਾ ਜੀਵਨ ਫਿਟਕਾਰ-ਯੋਗ ਹੈ। ਉਸ ਮੂਰਖ ਨੂੰ ਕੁੱਤੇ, ਸੂਰ, ਖੋਤੇ, ਕਾਂ, ਸੱਪ ਦੇ ਬਰਾਬਰ ਜਾਣੋ।

ਉਹੀਓ ਮਨੁੱਖ ਸਾਰੀਆਂ ਆਤਮਕ ਤਾਕਤਾਂ ਵਿਚ ਸਿਆਣਾ ਹੈ ਜਿਸ ਨੂੰ ਗੁਰੂ ਨੇ ਪਰਮਾਤਮਾ ਦਾ **ਨਾਮ-ਮੰਤ੍ਰ** (ਗੁਰ ਮੰਤ੍ਰ) ਦੇ ਦਿੱਤਾ ਹੈ—

ਸਰਬ ਕਲਾ ਸੋਈ ਪਰਬੀਨ ॥ ਨਾਮ ਮੰਤ੍ਰ ਜਾ ਕਉ ਗੁਰਿ ਦੀਨ ॥੩॥੨॥ (ਪੰਨਾ ੧੨੯੮)

**ਗੁਰ ਮੰਤ੍ਰ ਦਾ ਜਾਪ**—ਕਿਸੇ ਸ਼ਬਦ ਦਾ ਰਸਨਾ (ਜੀਭ) ਦੁਆਰਾ ਬਾਰ ਬਾਰ ਉਚਾਰਨ, 'ਜਾਪ' ਕਹਾਉਂਦਾ **ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ**—

ਬਾਰੰਬਾਰ ਬਾਰ ਪ੍ਰਭੁ ਜਪੀਐ ॥

ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥੬॥੧੭॥ (ਸੁਖਮਨੀ ਸਾਹਿਬ, ਪੰਨਾ ੨੮੬)



www.AKJ.Org

ਗੁਰ ਮੰਤ੍ਰ ਦਾ ਉਚਾਰਨ ਕਈ ਢੰਗਾਂ ਨਾਲ ਕੀਤਾ ਜਾਂਦਾ ਹੈ, ਜਿਵੇਂ—

੧) **ਅਨਿੱਖੜਵਾਂ**—ਵਾਹਿਗੁਰੂ । ੨) **ਨਿਖੇੜ ਕੇ**—(ੳ) ਵਾਹਿ-ਗੁਰੂ (ਅ) **ਵਾ-ਹਿ-ਗੁਰੂ ।**

੩) **ਅਗੇਤਰ ਲਗਾ ਕੇ**—ਸਤਿਨਾਮੁ ਵਾਹਿਗੁਰੂ ।

੪) **ਪਿਛੇਤਰ ਲਗਾ ਕੇ**—ਵਾਹਿਗੁਰੂ ਜੀ ।

੫) **ਅਗੇਤਰ ਪਿਛੇਤਰ ਰਲਾ ਕੇ**—ਸਤਿਨਾਮ ਸਤਿਨਾਮ ਸਤਿਨਾਮ ਜੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ ।

੬) **ਵਿਸ਼ੇਸ਼ਣ ਲਗਾ ਕੇ**—ਨਿਰਭਉ ਵਾਹਿਗੁਰੂ, ਨਿਰਵੈਰ ਵਾਹਿਗੁਰੂ, ਅਕਾਲ ਮੂਰਤਿ ਵਾਹਿਗੁਰੂ, ਅਜੂਨੀ ਵਾਹਿਗੁਰੂ, ਸੈਭੰ ਵਾਹਿਗੁਰੂ ਆਦਿ ।

ਸ਼ੁਰੂ ਸ਼ੁਰੂ ਵਿਚ ਅਸੀਂ ਪਹਿਲੀ ਜਮਾਤ ਦੇ ਵਿਦਿਆਰਥੀ ਵਾਂਗ ਉੱਚੀ ਉੱਚੀ ਬੋਲ ਕੇ ਗੁਰ ਮੰਤ੍ਰ ਦਾ ਜਾਪ ਕਰਦੇ ਹਾਂ ਅਤੇ ਜਦੋਂ ਥੋੜ੍ਹੀ ਪਰਪੱਕਤਾ ਆ ਜਾਂਦੀ ਹੈ ਤਾਂ ਮੂੰਹ ਵਿਚ ਹੌਲੀ ਹੌਲੀ ਜਾਪ ਕਰਨ ਲੱਗ ਪੈਂਦੇ ਹਾਂ । ਪਹਿਲਾਂ ਪਹਿਲ ਮਨ ਜਾਪ ਵਿਚ ਟਿਕਦਾ ਨਹੀਂ । ਹਾਥੀ ਦੇ ਕਾਬੂ ਕਰਨ ਵਾਂਗ ਚੰਚਲ ਮਨ ਨੂੰ ਵੀ ਘੇਰ ਕੇ ਜਾਪ ਵਿਚ ਲਾਉਣਾ ਪੈਂਦਾ ਹੈ । ਇਸ ਨੂੰ ਘੇਰਨ ਦਾ ਇਹੋ ਹੀ ਢੰਗ ਹੈ ਕਿ ਰਸਨਾ ਦੁਆਰਾ ਬੋਲ ਕੇ ਜਾਪ ਕੀਤਾ ਜਾਏ ਅਤੇ ਜਾਪ ਵਿਚ ਮਨ, ਤਨ ਤੇ ਰਸਨਾ ਤਿੰਨਾਂ ਨੂੰ ਹੀ ਜੋੜਿਆ ਜਾਏ । ਮਨ ਨੂੰ ਟਪੂਸੀਆਂ ਮਾਰਨ ਤੋਂ ਰੋਕਿਆ ਜਾਏ, ਇਸ ਵਿਚ ਉੱਠੇ ਫੁਰਨੇ ਜਾਪ ਦੀ ਧੁਨੀ ਨਾਲ ਭੰਨੇ ਜਾਣ । ਤਨ ਨੂੰ ਤਾਲ ਪੂਰਨ ਲਈ ਵਰਤਿਆ ਜਾਏ, ਅਰਥਾਤ, ਚੌਕੜਾ ਮਾਰ ਕੇ ਬੈਠਿਆਂ ਧੜ ਜਾਂ ਗਰਦਨ ਨੂੰ ਖੱਬੇ ਸੱਜੇ ਜਾਂ ਅੱਗੇ ਪਿੱਛੇ ਹਿਲਾਇਆ ਜਾਏ, ਜਿਵੇਂ ਘੜੀ ਦਾ ਪੈਂਡਲੂਮ ਚਲਦਾ ਹੈ, ਚਲਦੇ ਫਿਰਦੇ ਫੌਜੀਆਂ ਦੇ ਪਰੇਡ ਕਰਨ ਵਾਂਗ ਖੱਬਾ ਸੱਜਾ ਪੈਰ ਚੁਕਣ ਨਾਲ ਗੁਰ ਮੰਤ੍ਰ ਨੂੰ ਜੋੜਿਆ ਜਾਏ, ਜੀਭ ਨੇ ਤਾਂ ਸ਼ਬਦ (ਗੁਰ ਮੰਤ੍ਰ) ਦਾ ਉਚਾਰਨ ਕਰਨਾ ਹੀ ਹੈ ।

**ਗੁਰ ਮੰਤ੍ਰ** ਦੇ ਜਾਪ ਵਿਚ ਨਾਭੀ (ਧੁੰਨੀ) ਦੀ ਵਰਤੋਂ ਵੀ ਕਾਫੀ ਲਾਹੇਵੰਦ ਹੈ । ਜਦੋਂ ਅਸੀਂ ਅੰਦਰ ਸੁਆਸ ਖਿੱਚ ਕੇ ਬਾਹਰ ਕੱਢਦੇ ਹਾਂ ਤਾਂ ਟੋਏ ਵਿਚੋਂ ਡੱਲ ਦੇ ਪਾਣੀ ਬਾਹਰ ਸੁੱਟਣ ਵਾਂਗ ਨਾਭੀ ਖੁਰਾਟਾ ਮਾਰਨ ਵਿਚ ਸਹਾਈ ਹੁੰਦੀ ਹੈ । ਬਹੁਤੀ ਦੇਰ ਗੁਰ ਮੰਤ੍ਰ ਦੇ ਜਾਪ ਵਾਸਤੇ ਇਸ ਨੂੰ ਦੋ ਹਿੱਸਿਆਂ—ਵਾਹਿ + ਗੁਰੂ ਵਿਚ ਵੰਡਕੇ ਅਰਧ ਉਰਧ, ਅਰਥਾਤ, ਉੱਤੇ ਥੱਲੇ ਕਰ ਕੇ ਜਪਣ ਦੀ ਵਿਧੀ ਹੀ ਵਧੀਆ ਹੈ । ਸੁਆਸ ਅੰਦਰ ਜਾਣ ਤਾਂ 'ਵਾਹਿ' ਅਤੇ ਬਾਹਰ ਆਉਣ ਤਾਂ 'ਗੁਰੂ' ਉਚਾਰਨ ਕੀਤਾ ਜਾਏ । ਇਸ ਨੂੰ ਉਲਟ ਢੰਗ ਨਾਲ ਵੀ ਚਲਾਇਆ ਜਾ ਸਕਦਾ ਹੈ । 'ਗੁਰੂ' ਸੁਆਸਾਂ ਦੇ ਅੰਦਰ ਜਾਣ ਨਾਲ ਅਤੇ 'ਵਾਹਿ' ਜਦੋਂ ਸੁਆਸ ਬਾਹਰ ਆਉਣ । ਇਸ ਨਾਲ ਫੇਫੜਿਆਂ ਦਾ ਜ਼ੋਰ ਘੱਟ ਲੱਗਦਾ ਹੈ ।

ਰਸਨਾ ਨਾਲ ਉੱਚੀ ਬੋਲ ਕੇ ਗੁਰ ਮੰਤ੍ਰ ਦੇ ਜਾਪ ਨੂੰ **ਬੈਖਰੀ** ਕਿਹਾ ਜਾਂਦਾ ਹੈ ਅਤੇ ਹੌਲੀ ਸੁਰ ਵਿਚ ਬੋਲਣ ਨੂੰ **ਮੱਧਮ** ਜਾਣਿਆ ਜਾਂਦਾ ਹੈ । ਮਨ ਦੇ ਜਾਪ ਵਿਚ ਟਿਕਣ ਨਾਲ ਰੌਲਾ ਰੱਪਾ ਘੱਟ ਜਾਂਦਾ ਹੈ । ਜੀਭ ਤੇ ਸਰੀਰ (ਤਨ) ਦਾ ਹਿੱਲਣਾ ਜੁੱਲਣਾ ਬੰਦ ਹੋ ਜਾਂਦਾ ਹੈ ਅਤੇ ਸੁਆਸਾਂ ਦੁਆਰਾ ਨਾਮ ਜਪਣ ਦੀ ਕਿਰਿਆ ਸ਼ੁਰੂ ਹੋ ਜਾਂਦੀ ਹੈ । ਇਸ ਅਵਸਥਾ ਵਿਚ ਜਾਪ, ਸਿਮਰਨ ਬਣ ਜਾਂਦਾ ਹੈ, ਜਿਸ ਨੂੰ **ਹਿਰਦੇ ਦਾ ਸਿਮਰਨ** ਜਾਂ **ਪਸੰਤੀ** ਕਿਹਾ ਜਾਂਦਾ ਹੈ । ਜਿਉਂ ਜਿਉਂ ਸੁਰਤਿ ਸ਼ਬਦ (ਗੁਰ ਮੰਤ੍ਰ) ਵਿਚ ਜੁੜਦੀ ਹੈ, ਟਿਕਾਅ ਵਧਦਾ ਜਾਂਦਾ ਹੈ ਅਤੇ ਸਹਿਜ ਅਵਸਥਾ ਬਣ ਆਉਣ ਹੈ, ਜਿਸ ਨੂੰ **ਪਰਾ** ਜਾਂ **ਤੁਰੀਆ ਪਦ** ਕਿਹਾ ਜਾਂਦਾ ਹੈ ।

ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ ॥
ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ ॥੩॥ਸਲੋਕ॥ (ਪੰਨਾ ੨੯੭)

(ਜਗਤ ਦੇ ਜੀਵਾਂ ਤੇ ਮਾਇਆ ਦੇ ਤਿੰਨ ਗੁਣ—ਰਜੋ, ਤਮੋ, ਸਤੋ—ਆਪਣਾ ਜ਼ੋਰ ਪਾਈ ਰੱਖਦੇ ਹਨ, ਕੋਈ ਵਿਰਲਾ ਮਨੁੱਖ ਹੀ ਤੁਰੀਆ ਪਦ ਚੌਥੀ ਅਵਸਥਾ ਪ੍ਰਾਪਤ ਕਰਦਾ ਹੈ । ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਕੇਵਲ ਪਰਮਾਤਮਾ ਹੀ ਸਦਾ ਵੱਸਦਾ ਹੈ ਉਹ ਸੰਤ ਜਨ ਪਵਿੱਤਰ ਜੀਵਨ ਵਾਲੇ ਹੋ ਜਾਂਦੇ ਹਨ ।)

# ਹਉਮੈ ਦੀਰਘ ਰੋਗੁ ਹੈ

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6, ਗੋਬਿੰਦਪੁਰੀ, ਨਵੀਂ ਦਿੱਲੀ-19]

ਗੁਰਬਾਣੀ ਅੰਦਰ ਹਉਮੈ ਨੂੰ ਅਤਿ ਦੀਰਘ ਰੋਗ ਆਖਿਆ ਗਿਆ ਹੈ। ਇਸ ਰੋਗ ਤੋਂ ਛੁਟਕਾਰਾ ਪਾਉਣਾ ਬਹੁਤ ਕਠਨ ਹੈ, ਕਿਉਂਕਿ ਇਹ ਸੂਖਮ ਤੇ ਅਦ੍ਰਿਸ਼ਟ ਰੂਪ ਧਾਰਨ ਕਰ ਕੇ ਬੰਦੇ ਦਾ ਖਹਿੜਾ ਨਹੀਂ ਛੱਡਦਾ। ਰਿਸ਼ੀ, ਮੁਨੀ, ਤਿਆਗੀ, ਤਪੱਸਵੀ, ਆਪਣੇ ਬਲ ਦੁਆਰਾ ਇਸ ਤੋਂ ਮੁਕਤ ਨਹੀਂ ਹੋ ਸਕੇ—

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥ (ਸਲੋਕ ਕਬੀਰ ਜੀ—੧੩੭੨)

ਇਹ ਕਮਜ਼ੋਰੀ ਸ਼ਾਇਦ ਬੰਦੇ ਦੀ ਅਕਲ ਤੇ ਸਿਆਣਪ ਕਰਕੇ ਹੋਵੇ, ਕਿਉਂਕਿ ਇਸਦਾ ਅਹਿਸਾਸ ਪਸ਼ੂ-ਪੰਛੀਆਂ ਨੂੰ ਨਾਮ ਮਾਤਰ ਹੀ ਹੁੰਦਾ ਹੈ। ਇਨਸਾਨ ਦੀ ਸਮਝਣ, ਸੋਚਣ ਅਥਵਾ ਬੌਧਿਕ ਸ਼ਕਤੀ ਬਾਕੀ ਜੀਵਾਂ ਤੋਂ ਜ਼ਿਆਦਾ ਹੋਣ ਕਰਕੇ, ਹੱਥਾਂ ਨਾਲ ਹਰੇਕ ਕਾਰਜ ਕਰਨ ਦੀ ਸਮਰੱਥਾ ਹੋਣ ਕਰਕੇ, ਅਤੇ ਆਤਮਕ ਗਿਆਨ ਦੀ ਸੂਝ ਬੂਝ ਦੀ ਸੰਭਾਵਨਾ ਹੋਣ ਕਰਕੇ ਇਸਨੂੰ ਉਚ-ਨੀਚ, ਚੰਗੇ-ਮਾੜੇ, ਬਲ-ਅਬਲ, ਮਾਨ-ਅਪਮਾਨ ਦਾ ਗਿਆਨ ਸੁਤੇ ਸਿੱਧ ਹੁੰਦਾ ਹੈ, ਜਿਸ ਤੋਂ ਹੰਕਾਰ ਦੀ ਭਾਵਨਾ ਦਾ ਜਨਮ ਤੇ ਇਸ ਦਾ ਪ੍ਰਗਟਾਵਾ ਕਈ ਰੂਪਾਂ ਵਿਚ ਉਦੇ ਹੁੰਦਾ ਹੈ। ਹਜ਼ੂਰ ਦਾ ਬਚਨ ਹੈ—

ਹਉਮੈ ਰੋਗੁ ਮਾਨੁਖ ਕਉ ਦੀਨਾ ॥੧॥੨੦॥ (ਭੈਰਉ ਮਹਲਾ ੫—੧੧੪੦)

ਹੰਗਤਾ ਦੀ ਭਾਵਨਾ ਜਮਾਂਦਰੂ ਨਹੀਂ। ਬੱਚਾ ਹੌਲੀ ਹੌਲੀ ਚੌਗਿਰਦੇ ਦੇ ਪ੍ਰਭਾਵ ਤੇ ਮਾਇਆ ਨਾਗਨੀ ਦੀ ਜ਼ਹਿਰ ਨੂੰ ਕਬੂਲਦਾ ਹੈ ਤੇ ਆਪਣੇ ਅੰਦਰ ਹੋਰਨਾਂ ਨਾਲੋਂ ਅਧਿਕ ਅਮੀਰ, ਸਿਆਣਾ, ਤਕੜਾ ਜਾਂ ਯੋਗ ਹੋਣ ਦੀ ਪ੍ਰਵਿਰਤੀ ਨੂੰ ਦਰਸਾਉਣ ਵਿਚ ਫ਼ਖ਼ਰ ਸਮਝਦਾ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਹੰਕਾਰ ਦੇ ਸਵਰੂਪ ਨੂੰ ਸਪੱਸ਼ਟ ਕਰਦਿਆਂ, ਸਾਨੂੰ ਇਸ ਤੋਂ ਸੁਚੇਤ ਰਹਿਣ ਦਾ ਉਪਦੇਸ਼ ਦਿੰਦੇ ਹਨ—

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥
ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸਤੀਰਨਹ ॥
ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥
ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ ॥
ਬੈਦੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ ॥੪੬॥
(ਸਹਸਕ੍ਰਿਤੀ ਸਲੋਕ ਮ: ੫—੧੩੫੮)

ਜੀਵਨ ਦਾ ਕੋਈ ਐਸਾ ਖੇਤਰ ਨਹੀਂ, ਜਿਹੜਾ ਹੰਗਤਾ ਦੀ ਮੈਲ ਤੋਂ ਬਚਿਆ ਹੋਵੇ। ਇਹ ਘਰ ਘਰ ਵਿਆਪ ਰਹੀ ਹੈ। ਬਜ਼ੁਰਗਾਂ ਵਿਚ ਨਿਜੀ ਤਜਰਬੇ, ਗਿਆਨ ਅਤੇ ਸਰੀਰਕ ਰਿਸ਼ਤੇ ਵਿਚ ਵਡਪੁਣੇ ਦੀ ਹਉਮੈ ਇਕ ਪਾਸੇ ਹੁੰਦੀ ਹੈ, ਤੇ ਬਚਪਨ ਤੋਂ ਜਵਾਨੀ ਦੀ ਦਹਲੀਜ਼ ਵਿਚ ਪੈਰ ਰੱਖਣ ਵਾਲੇ ਬੱਚਿਆਂ ਦੀ ਅ ਪਣੀ ਸੋਚ, ਜ਼ਿੰਮੇਵਾਰੀ, ਸੁਤੰਤਰ ਰਾਇ ਤੇ ਵੱਖਰੀ ਹੋਂਦ ਦਾ ਮਾਣ ਦੂਸਰੇ ਪਾਸੇ ਹੁੰਦਾ ਹੈ; ਇਨ੍ਹਾਂ ਦੋਹਾਂ ਦਾ ਕਈ ਵਾਰ ਟਕਰਾਉ ਹੋ ਜਾਂਦਾ ਹੈ। ਸਮਾਜਕ ਖੇਤਰ ਵਿਚ ਕੋਈ ਬੰਦਾ ਪਿਛੇ ਨਹੀਂ ਰਹਿਣਾ ਚਾਹੁੰਦਾ। ਉਹ ਹਰ ਯੋਗ-ਅਯੋਗ ਤਰੀਕੇ ਨਾਲ ਮਾਇਆ ਪ੍ਰਾਪਤ ਕਰ ਕੇ ਅਤੇ ਵਿਤੋਂ ਵਧ ਖਰਚ ਕਰ ਕੇ ਦਿਖਾਵੇ ਦੀ ਦੌੜ ਵਿਚ ਅੱਗੇ ਹੋਣਾ ਲੋਚਦਾ ਹੈ। ਕਿਤੇ ਰਾਜ ਅਭਿਮਾਨ ਤੇ ਧਨ ਦਾ ਹੰਕਾਰ, ਕਿਤੇ ਸੁੰਦਰ, ਚਤਰ ਸਿਆਣਾ ਤੇ ਬੁੱਧੀਵਾਨ ਹੋਣ ਦਾ ਘੁਮੰਡ, ਗੱਲ ਕੀ, ਸਾਰਾ ਜਗਤ ਹਉਮੈ ਦੀ ਅਗਨੀ ਵਿਚ ਸੜ ਬਲ ਰਿਹਾ ਹੈ। ਰਾਜਨੀਤੀ ਵਿਚ ਤਾਂ ਆਵਾ ਹੀ ਊਤਿਆ ਹੋਇਆ ਹੈ, ਹਰ ਇੱਕ ਨੂੰ ਚੌਧਰ ਦੀ ਭੁੱਖ ਹੈ, ਕੁਰਸੀ ਦੀ ਤਮ੍ਹਾ ਹੈ। ਆਪੋ ਆਪਣੇ ਸਾਥੀਆਂ ਤੇ ਪਿੱਛ-ਲੱਗਾਂ ਦੀ ਬਹੁ-ਗਿਣਤੀ ਦੇ ਹੰਕਾਰ ਸਦਕਾ ਇਕੋ ਦਲ ਕਈ ਦਲਾਂ ਵਿਚ ਵੰਡਿਆ ਜਾ ਰਿਹਾ ਹੈ। ਇਨ੍ਹਾਂ ਦੇ ਨਾਮ ਵਿਅਕਤੀਗਤ


www.AKJ.Org

ਨਾਮਾਂ ਨਾਲ ਜੁੜ ਗਏ। ਵਾਹਿਗੁਰੂ ਬਖਸ਼ੇ, ਤਿਆਗ ਤੇ ਨਿਮਰਤਾ ਬਿਨਾਂ ਗੁਣਾਂ ਦੀ ਸਾਂਝ ਹੋਣੀ ਕਠਨ ਹੈ, ਏਕੇ ਦਾ ਸੰਕਲਪ ਧੁੰਦਲਾ ਤੇ ਬਚਨ ਦੀ ਪਾਲਣਾ ਅਸੰਭਵ ਦਿਖਾਈ ਦਿੰਦਾ ਹੈ।

ਦੁਨੀਆਦਾਰਾਂ ਦਾ ਕੀ ਕਹਿਣਾ, ਅਧਿਆਤਮਕ ਪੈਂਡੇ ਤੇ ਟੁਰਨ ਵਾਲਿਆਂ ਦੇ ਪੈਰਾਂ ਵਿਚ ਭੀ ਹੰਕਾਰ ਦੇ ਕੰਡੇ ਚੁੱਭ ਗਏ। ਬ੍ਰਹਮਾ ਗਰਬ ਕਰ ਕੇ ਪਛਤਾਇਆ, ਬਲਿ ਰਾਜੇ ਨੇ ਮਾਇਆ ਦਾ ਹੰਕਾਰ ਕੀਤਾ, ਹਰੀ ਚੰਦ ਨੇ ਦਾਨ ਕਰ ਕੇ ਜਸ ਲੈਣਾ ਹੀ ਸਭ ਤੋਂ ਉਤਮ ਕਾਰਜ ਸਮਝਿਆ, ਹਰਣਾਖਸ਼ ਨੇ ਪ੍ਰਭੂ ਦਾ ਸ਼ਰੀਕ ਬਣ ਕੇ, ਦੁਰਮਤਿ ਤੇ ਦੁਰਾਚਾਰ ਦੇ ਅਉਗੁਣ ਪੱਲੇ ਬੰਨ੍ਹੇ, ਰਾਵਣ ਦੀ ਅਕਲ ਤੇ ਪਰਦਾ ਪੈ ਗਿਆ ਤੇ ਹੰਕਾਰੀ ਦੁਰਯੋਧਨ ਦੀ ਬੁੱਧੀ ਤੇ ਕ੍ਰਿਸ਼ਨ ਜੀ ਦੇ ਉਪਦੇਸ਼ ਦਾ ਵੀ ਰੱਤੀ ਭਰ ਅਸਰ ਨਾ ਹੋਇਆ।

ਹੰਕਾਰ ਦੇ ਰੋਗ ਨਾਲ ਜੂਝਣ ਤੋਂ ਪਹਿਲਾਂ ਇਸ ਦੀ ਖ਼ਸਲਤ ਨੂੰ ਸਮਝਣਾ ਜ਼ਰੂਰੀ ਹੈ। ਹੰਕਾਰ ਵਿਚ ਲਚਕ ਨਹੀਂ, ਭਾਵ ਸਮਝੌਤਾ ਕਰਨ ਦੀ ਅੰਸ਼ ਨਹੀਂ। ਹਉਮੈ ਅਧੀਨ ਜ਼ਬਾਨ ਤੋਂ ਨਿਕਲੀ ਗੱਲ ਵਾਪਸ ਹੋਣ ਦੇ ਰਾਹੇ ਪੈਂਦੀ ਹੀ ਨਹੀਂ, ਭਾਵੇਂ ਉਹ ਅਸੱਭਯ, ਕੌੜੀ ਤੇ ਦਿਲ-ਦੁਖਾਊ ਹੋਵੇ। ਸਤਿਗੁਰੂ ਨੇ ਇਸ ਹਉਮੈ-ਹੰਕਾਰ ਨੂੰ ਮੂਰਖ, ਹੋਡੀ, ਅੜੀਅਲ ਤੇ ਜ਼ਿੱਦਲ ਆਖਿਆ ਹੈ—

ਅਹੰਮੇਵ ਸਿਉ ਮਸਲਤਿ ਛੋਡੀ ॥ ਗੁਰਿ ਕਹਿਆ ਇਹੁ ਮੂਰਖੁ ਹੋਡੀ ॥੬॥੧॥

(ਬਿਭਾਸ ਪ੍ਰਭਾਤੀ ਮਹਲਾ ੫–੧੩੪੭)

ਨਉ ਨਿਧਿ ਨਾਮ ਗਰੀਬੀ ਕਰਕੇ ਸਤਿਗੁਰ ਨਾਨਕ ਦੇਵ ਜੀ ਪਾਸ ਕਿਸੇ ਪਦਾਰਥ ਦੀ ਅਣਹੋਂਦ ਨਹੀਂ, ਜੇ ਅਣਹੋਂਦ ਹੈ ਤਾਂ ਕੇਵਲ ਹਉਮੈ ਦੀ। ਨਿਮਰਤਾ ਦੇ ਪੁੰਜ, ਗੁਰਦੇਵ ਜੀ ਨੇ ਕਦੇ ਕਿਸੇ ਨੂੰ ਉੱਚਾ ਨਹੀਂ ਬੋਲਿਆ, ਸ਼ੁਭ ਮਤਿ ਦੇਣ ਸਮੇਂ ਕਿਸੇ ਦਾ ਦਿਲ ਨਹੀਂ ਦੁਖਾਇਆ, ਹੇਠੀ ਨਹੀਂ ਕੀਤੀ, ਅਉਗੁਣ ਚਿਤਾਰ ਕੇ ਸ਼ਰਮਿੰਦਾ ਨਹੀਂ ਕੀਤਾ। ਆਪ ਨੇ ਇਹ ਪੂਰਨਾ ਪਾਇਆ ਕਿ ਦੂਸਰੇ ਦੇ ਐਬਾਂ ਨੂੰ ਵਧਾ ਚੜ੍ਹਾ ਕੇ ਪ੍ਰਗਟ ਕਰਨਾ ਤੇ ਬਾਰ ਬਾ ਦੁਹਰਾਉਣਾ ਸੂਖਮ ਹੰਕਾਰ ਦਾ ਸੰਕੇਤ ਹੈ। ਹੰਕਾਰੀ ਜੀਵ ਜਦ ਕਿਸੇ ਹੋਰ ਦੀ ਵਡਿਆਈ ਜਾਂ ਉਪਮਾ ਸੁਣਦਾ ਹੈ, ਤਾਂ ਉਸਦੇ ਸੀਨੇ ਵਿਚ ਸੱਲ ਪੈਂਦਾ ਹੈ। ਜੇ ਉਹ ਚੁਪ ਰਹਿ ਕੇ ਛੁਪਾਉਣ ਦਾ ਜਤਨ ਕਰੇ ਤਾਂ ਉਸ ਦੇ ਚਿਹਰੇ ਦੇ ਹਾਵ ਭਾਵ ਤੋਂ ਉਸ ਦੇ ਕਲਪਦੇ ਮਨ ਦੀ ਬੇਚੈਨੀ ਅਵੱਸ਼ ਝਲਕ ਪੈਂਦੀ ਹੈ। ਗੁਰੂ ਫੁਰਮਾਨ ਹੈ—

ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥
ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ ॥੫॥੫੪॥

(ਰਾਗੁ ਆਸਾ ਘਰੁ ੨, ਪੰਨਾ ਮਹਲਾ ੪, ਪੰਨਾ ੩੬੬)

ਅਸੀਂ ਬਾਰ ਬਾਰ ਸੁਣਦੇ ਹਾਂ ਤੇ ਸਮਝਦੇ ਹਾਂ ਕਿ ਜੀਵ ਭੁੱਲਣ-ਹਾਰ ਹੈ, ਕੇਵਲ ਗੁਰੂ ਕਰਤਾਰ ਹੀ ਅਭੁੱਲ ਹੈ। ਫਿਰ ਭੀ ਦੂਸਰੇ ਦੇ ਦੋਸ਼ ਨੂੰ ਬਖਸ਼ਦੇ ਨਹੀਂ ਤੇ ਆਪਣੇ ਦੋਸ਼ ਨੂੰ ਸਵੀਕਾਰ ਨਹੀਂ ਕਰਦੇ। ਹੰਕਾਰੀ ਜੀਵ ਦੀ ਖਾਸ ਪਹਿਚਾਣ ਇਹ ਹੈ ਕਿ ਉਹ ਸਦਾ ਦੂਸਰੇ ਨੂੰ ਦੋਸ਼ੀ ਠਹਿਰਾਉਂਦਾ ਹੈ ਤੇ ਆਪਣੇ ਕਸੂਰ ਨੂੰ ਛੁਪਾਉਂਦਾ ਹੈ। ਗੁਰ ਫੁਰਮਾਨ ਹੈ—

ਬਾਧਿਓ ਆਪਨ ਹਉ ਹਉ ਬੰਧਾ ॥ ਦੋਸੁ ਦੇਤ ਆਗਹ ਕਉ ਅੰਧਾ ॥੩੯॥

(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੫੮)

ਹੰਕਾਰ ਦਾ ਰੋਗ ਸਰਬ-ਵਿਆਪੀ ਤੇ ਸਰਬ-ਕਾਲੀ ਹੈ। ਇਹ ਸਮੇਂ ਜਾਂ ਕਿਸੇ ਦੇਸ਼ ਦਾ ਲਿਹਾਜ਼ ਨਹੀਂ ਕਰਦਾ। ਇਹ ਛੂਤ ਦਾ ਰੋਗ ਨਹੀਂ, ਜੇ ਇੰਜ ਹੁੰਦਾ ਤਾਂ ਸੰਸਾਰ ਤਿਆਗ ਕੇ ਜੰਗਲਾਂ ਵਿਚ ਰਹਿਣ ਵਾਲੇ ਤਿਆਗੀਆਂ ਨੂੰ ਇਹ ਨਾ ਵਿਆਪਦਾ। ਇਸ ਨੇ ਚੀਟੀ ਤੋਂ ਕੁੰਚਰ ਤਕ ਦੇ ਆਕਾਰ ਤੇ ਬਲ ਵਾਲੇ ਦਾ ਲਿਹਾਜ਼ ਨਹੀਂ ਕੀਤਾ। ਗੁਰਦੇਵ ਜੀ ਦਾ ਹੁਕਮ ਹੈ ਕਿ ਕਈ ਅਜਿਹੇ ਬੰਦੇ ਹੁੰਦੇ ਹਨ ਜਿਨ੍ਹਾਂ ਵਿਚ ਕਿਸੇ ਤਰ੍ਹਾਂ ਦਾ ਵੀ ਕੋਈ ਗੁਣ ਨਹੀਂ ਹੁੰਦਾ ਅਤੇ ਇਕ ਅੱਖਰ ਦਾ ਭੇਦ ਤਕ ਨਹੀਂ ਜਾਣਦੇ ਹੁੰਦੇ. ਪਰ ਜੇ ਅਜਿਹੇ ਬੰਦੇ ਵੀ ਹੰਕਾਰ ਵਿਚ ਆਫਰੇ ਫਿਰਨ ਤਾਂ ਸਹੀ ਅਰਥਾਂ ਵਿਚ ਉਹ ਖੋਤੇ-ਬੁਧੀ ਵਾਲੇ ਹਨ—



www.AKJ.Org

ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੧੫॥
(ਸਲੋਕ ਮਹਲਾ ੧–੧੪੧੧)

ਹੰਕਾਰੀ ਜੀਵ ਦੀ ਤੁਲਨਾ ਸਿੰਮਲ ਰੁੱਖ ਨਾਲ ਕੀਤੀ ਗਈ ਹੈ, ਜਿਸ ਦੇ ਆਕਾਰ ਨੂੰ ਤਕ ਕੇ ਜਗਿਆਸੂ-ਤੋਤੇ ਉਸ ਪਾਸ ਗੁਣ (ਫਲ) ਪ੍ਰਾਪਤ ਕਰਨ ਆਉਂਦੇ ਹਨ, ਪਰ ਨਿਰਾਸ਼ ਜਾਂਦੇ ਹਨ। ਇਹ ਉਚੇ ਲੰਮੇ ਬਾਂਸ ਦੇ ਬ੍ਰਿਛ ਸਮਾਨ ਹੈ, ਜਿਹੜਾ ਚੰਦਨ ਦੇ ਬੂਟੇ ਦੇ ਨਿਕਟ ਹੁੰਦਿਆਂ ਵੀ ਸੁਗੰਧੀ ਗ੍ਰਹਿਣ ਨਹੀਂ ਕਰਦਾ, ਜਦ ਕਿ ਨਿੰਮ ਦਾ ਬ੍ਰਿਛ ਸਹਜੇ ਹੀ ਚੰਦਨ ਰੂਪ ਬਣ ਜਾਂਦਾ ਹੈ :—

ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ ॥
ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ ॥੫॥ (ਮਹਲਾ ੫ ਗਾਥਾ–੧੩੬੦)

ਤਾਂ ਤੇ ਅਭਿਮਾਨੀ ਪੁਰਖ ਗੱਲਾਂ ਵਿਚ ਭਾਵੇਂ ਚਤਰ ਸਿਆਣਾ ਹੋਵੇ, ਸ਼ੁਭ ਗੁਣਾਂ ਦੀ ਖੁਸ਼ਬੂ ਤੋਂ ਕੋਰਾ ਰਹਿੰਦਾ ਹੈ।

ਜਿਸ ਪ੍ਰਾਣੀ ਤੇ ਪ੍ਰਭੂ ਦੀ ਨਦਰਿ ਹੁੰਦੀ ਹੈ, ਉਸ ਨੂੰ ਵਡਿਆਈ ਦੇ ਨਾਲ ਜੇਰਾ-ਸ਼ਕਤੀ ਭੀ ਮਿਲਦੀ ਹੈ। ਪ੍ਰਭੂ ਦੀ ਇਹ ਲੀਲ੍ਹਾ ਕੌਤਕ-ਮਈ, ਬਿਸਮਾਦ ਭਰੀ ਵਿਗਿਆਨਕ ਤੱਤ ਹੈ। ਜਦ ਕੋਈ ਬ੍ਰਿਛ ਅਰਸ਼ ਵਲ ਉੱਚਾ ਵੱਧਦਾ ਹੈ, ਉਸ ਨੂੰ ਡਿਗਣ ਤੋਂ ਬਚਾਉਣ ਲਈ ਜੜ੍ਹਾਂ ਧਰਤੀ ਦੇ ਅੰਦਰ ਵਧਦੀਆਂ ਹਨ। ਇਹ ਜੜ੍ਹਾਂ ਆਧਾਰ ਜਾਂ ਸਹਾਰੇ ਦਾ ਕੰਮ ਕਰਦੀਆਂ ਹਨ। ਅਭਿਮਾਨੀ ਪੁਰਸ਼ ਵਿਚ ਨਿਮਰਤਾ ਰੂਪ ਜੜ੍ਹਾਂ ਦੀ ਘਾਟ ਹੁੰਦੀ ਹੈ ਤੇ ਸਮਾਂ ਪਾ ਕੇ ਉਹ ਆਪਣੇ ਭਾਰ ਨਾਲ ਆਪੇ ਹੀ ਡਿੱਗ ਪੈਂਦਾ ਹੈ। ਅੰਗਰੇਜ਼ੀ ਵਿਚ ਕਹਾਵਤ ਹੈ–'Pride hath a fall' ਅਰਥਾਤ, ਅਹੰਕਾਰ ਅੱਜ ਡਿਗਿਆ ਜਾਂ ਕਲ੍ਹ। ਗੁਰਬਾਣੀ ਦਾ ਇਹ ਫ਼ੁਰਮਾਨ ਹੰਕਾਰ ਦੇ ਪਤਨ ਤੇ ਨਿਮਰਤਾ ਦੀ ਵਡਿਆਈ ਨੂੰ ਦਰਸਾਉਂਦਾ ਹੈ–

ਊਚਾ ਚੜੈ ਸੁ ਪਵੈ ਪਇਆਲਾ ॥
ਧਰਨਿ ਪੜੈ ਤਿਸੁ ਲਗੈ ਨ ਕਾਲਾ ॥੩॥੧੩॥ (ਆਸਾ ਮਹਲਾ ੫, ਪੰਨਾ ੩੭੪)

ਨਾਮ ਤੇ ਹਉਮੈ ਦੀ ਵਿਰੋਧਤਾ ਲਾ-ਇਲਾਜ ਹੈ। ਦੋਹਾਂ ਦਾ ਇਕ ਥਾਂ ਨਿਵਾਸ ਹੋਣਾ ਅਸੰਭਵ ਹੈ। ਜੇ ਗੁਰ-ਸੰਗਤ ਦੁਆਰਾ ਨਾਮ ਦਾ ਬਲ ਹਾਵੀ ਹੋ ਗਿਆ ਤਾਂ ਹਉਮੈ ਤੋਂ ਛੁਟਕਾਰਾ ਹੋ ਸਕਦਾ ਹੈ। ਨਹੀਂ ਤਾਂ ਹਉਮੈ ਸੇਵਾ ਨਹੀਂ ਕਰਨ ਦਿੰਦੀ, ਭਗਤੀ ਨਹੀਂ ਕਰਨ ਦਿੰਦੀ. ਹੁਕਮ ਬੁਝਣ ਨਹੀਂ ਦਿੰਦੀ, ਪ੍ਰਭੂ-ਮਿਲਾਪ ਵਿਚ ਰੋੜਾ ਅਟਕਾਉਂਦੀ ਹੈ—

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥...
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥੯॥
(ਵਡਹੰਸ ਮਹਲਾ ੩–੫੬੦)

ਸਤਿਗੁਰੂ ਨਾਨਕ ਦੇਵ ਜੀ ਨੇ ਨਾਮ ਤੇ ਹਉਮੈ ਦੇ ਸੰਬੰਧ ਬਾਰੇ ਸਪੱਸ਼ਟ ਨਿਰਣਾ ਕੀਤਾ ਹੈ ਅਤੇ ਇਸ ਅਕਥ ਕਥਾ ਨੂੰ ਹਿਰਦੇ ਵਿਚ ਦ੍ਰਿੜ੍ਹ ਕਰਨ ਦਾ ਉਪਦੇਸ਼ ਦਿੱਤਾ ਹੈ–

ਹਉਮੈ ਕਰੀ ਤਾ ਤੂ ਨਾਹੀ ਤੂ ਹੋਵਹਿ ਹਉ ਨਾਹਿ ॥
ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥੧॥੧੯॥
(ਸਲੋਕ ਮ: ੧, ਮਾਰੂ ਵਾਰ, ੧੦੯੨-੯੩)


www.AKJ.Org

ਹੰਕਾਰ ਫਾਥੇ ਮਨੁੱਖ ਕਈ ਵਾਰ ਮਨੁੱਖਤਾ ਦੇ ਕੱਟੜ ਵਿਰੋਧੀ ਹੋ ਨਿਬੜੇ ਅਤੇ ਪ੍ਰਭੂ ਨੂੰ ਵੀ ਮਨੋਂ ਭੁਲਾ ਦਿਤਾ। ਪ੍ਰਭੂ ਨੇ ਅਜਿਹੇ ਹੰਕਾਰੀ ਤੇ ਨਿਰਦਈ ਰਾਜਿਆਂ (ਜਿਨ੍ਹਾਂ ਦਾ ਜ਼ਿਕਰ ਪਿਛੇ ਆਇਆ ਹੈ) ਤੋਂ ਆਪਣੇ ਸੇਵਕਾਂ ਤੇ ਭਗਤ ਜਨਾਂ ਦੀ ਹਰ ਸਮੇਂ ਰਖਿਆ ਕੀਤੀ। ਅਕਾਲ ਪੁਰਖ ਨੇ ਇਨ੍ਹਾਂ ਦੁਸ਼ਟਾਂ ਮਾਣ-ਮਤਿਆਂ ਦਾ ਅੰਤ ਐਸੀ ਜੁਗਤਿ ਨਾਲ ਕਰਵਾਇਆ, ਤਾਂ ਜੁ ਰੱਬੀ ਪਿਆਰਿਆਂ ਤੇ ਆਸਤਕਾਂ ਦੇ ਮਨਾਂ ਵਿਚ ਪ੍ਰਭੂ ਦੇ ਹਾਜ਼ਰ-ਨਾਜ਼ਰ, ਸਰਬ-ਵਿਆਪਕ, ਭਗਤ-ਰਖਿਅਕ, ਦੁਸ਼ਟ-ਦਮਨ ਤੇ ਸਰਬ ਕਲਾ ਸਮਰੱਥ ਹੋਣ ਦੇ ਦੈਵੀ ਗੁਣ ਸਦਾ ਲਈ ਟਿਕੇ ਰਹਿਣ।

ਹੰਕਾਰ ਵਿਚ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ, ਉਨ੍ਹਾਂ ਦਾ ਅੰਤ ਇਹੋ ਹੁੰਦਾ ਹੈ ਕਿ—

ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥੩੨॥ (ਗਉੜੀ ਕੀ ਵਾਰ ਮ: ੪, ਪੰਨਾ ੩੧੦)

ਇਸ ਪਰਤੱਖ ਸਚਾਈ ਨੂੰ ਜਾਣਦੇ ਹੋਏ ਭੀ ਵਰਤਮਾਨ ਸਮੇਂ ਦੇ ਜ਼ਾਲਮ ਹਾਕਮ ਹੰਕਾਰ ਵਿਚ ਅੰਨ੍ਹੇ, ਲਾ-ਸ਼ਰੀਕ ਪਰਮਾਤਮਾ ਨਾਲ ਸ਼ਰੀਕਾ ਕਰਨ ਤੋਂ ਬਾਜ਼ ਨਹੀਂ ਆਉਂਦੇ ਤੇ ਬੇਦੋਸ਼ਾਂ ਦੀ ਰੱਤ ਪੀਣ ਤੋਂ ਨਹੀਂ ਹਿਚਕਾਉਂਦੇ। ਅੰਤ ਨਿਬੇੜਾ ਇਸ ਤਰ੍ਹਾਂ ਵੀ ਹੁੰਦਾ ਹੈ—

ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥ ਪਲ ਭੀਤਰਿ ਤਾ ਕਾ ਹੋਇ ਬਿਨਾਸ ॥
ਸਭ ਤੇ ਆਪ ਜਾਨੈ ਬਲਵੰਤੁ ॥ ਖਿਨ ਮਹਿ ਹੋਇ ਜਾਇ ਭਸਮੰਤੁ ॥੨॥੧੨॥
(ਗਉੜੀ ਸੁਖਮਨੀ ਮਹਲਾ ੫, ੨੭੮)

ਦੂਸਰੇ ਪਾਸੇ ਵੇਖੀਦਾ ਹੈ ਕਿ ਕਰਮ-ਕਾਂਡੀਆਂ, ਵਿਦਵਾਨਾਂ, ਪੰਡਤਾਂ ਅਤੇ ਉਪਦੇਸ਼ਕਾਂ ਨੂੰ ਆਪਣੇ ਗਿਆਨ ਦੀ ਹੰਗਤਾ ਭਰੀ ਮੈਲ ਨੇ ਗ੍ਰਸਿਆ ਹੁੰਦਾ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਇਹ ਹਉਮੈ ਦਾ ਦਾਰੂ ਜਾਣਦਿਆਂ ਹੋਇਆਂ ਵੀ ਰੋਗ ਤੋਂ ਮੁਕਤ ਨਹੀਂ ਹੁੰਦੇ। 'ਅਵਰ ਉਪਦੇਸੈ ਆਪਿ ਨ ਕਰੈ (੨੬੯) ਦਾ ਫੁਰਮਾਨ ਇਨ੍ਹਾਂ ਗਿਆ-ਨੀਆਂ ਤੇ ਇੰਨ ਬਿੰਨ ਘਟਦਾ ਹੈ। ਏਥੇ ਸੰਸਾਰਕ ਵਿਦਿਆ ਨੇ ਕੰਮ ਨਹੀਂ ਆਉਣਾ, ਸਗੋਂ ਆਤਮ-ਸਮਰਪਣ ਕਰਨ ਤੇ ਸਤਿਗੁਰੂ ਦਾ ਬਚਨ ਕਮਾਉਣ ਨਾਲ ਬੇੜਾ ਪਾਰ ਹੋਣਾ ਹੈ। ਗੁਰ ਫੁਰਮਾਨ ਹੈ—

ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥
ਮਨ ਮੇਰੇ ਗੁਰ ਸਰਣਿ ਆਵੈ ਤਾਂ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ਰਹਾਉ॥੬੪॥
(ਸਿਰੀ ਰਾਗੁ ਮਹਲਾ ੩, ਪੰਨਾ ੩੯)

ਵੈਦਾਂ ਸਿਰ ਵੈਦ, ਕਾਮਲ ਵੈਦ, ਸਤਿਗੁਰੂ ਜੀ ਨੇ ਇਸ ਦਾ ਇਲਾਜ, ਬਹੁਤ ਥੋੜੇ ਸ਼ਬਦਾਂ ਵਿਚ ਤੇ ਸਰਲ ਰੂਪ ਵਿਚ ਦਿੱਤਾ ਹੈ—

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥ ਜਪੁਜੀ

ਇਹ ਜਗਤ-ਪਸਾਰਾ ਪ੍ਰਭੂ ਦੀ ਲੀਲ੍ਹਾ ਹੈ, ਇਹ ਇਕ ਅਜਿਹਾ ਨਾਟਕ ਹੈ ਜਿਸ ਵਿਚ ਅਸੀਂ ਸਾਰੇ ਪਾਤਰਾਂ ਦਾ ਰੋਲ ਅਦਾ ਕਰਦੇ ਹਾਂ। ਜੇ ਕਿਤੇ ਇਹ ਭਾਵਨਾ ਸਾਡੇ ਹਿਰਦੇ ਵਿਚ ਦ੍ਰਿੜ੍ਹ ਹੋ ਜਾਵੇ ਕਿ ਅਸੀਂ ਜੋ ਕੁਝ ਵੀ ਹਾਂ ਤੇ ਜੋ ਕੁਝ ਵੀ ਕਰਦੇ ਹਾਂ, ਅਕਾਲ ਪੁਰਖ ਦੇ ਨਿਰਦੇਸ਼ ਅਨੁਸਾਰ ਕਰਦੇ ਹਾਂ, ਤਦੇ ਹੀ ਹਉਮੈ ਦਾ ਅਭਾਵ ਸੰਭਵ ਹੋ ਸਕਦਾ ਹੈ। ਜੇ ਹੁਕਮ-ਅਦੂਲੀ ਕਰਾਂਗੇ ਤਾਂ ਪ੍ਰਭੂ ਬਖਸ਼ੀ ਹੋਈ ਸੱਤਾ ਤੋਂ ਵੀ ਹਟਾ ਦੇਵੇਗਾ। ਫੁਰਮਾਨ ਹੈ—

ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥੧॥੭॥
(ਸਲੋਕ ਮ: ੧, ਵਾਰ ਆਸਾ, ਪੰਨਾ ੪੬੬)

ਇਸ ਅਸਾਧ ਰੋਗ ਦਾ ਨਿਵਾਰਨਾ ਸੌਖਾ ਨਹੀਂ। ਵੱਖ ਵੱਖ ਦੈਵੀ ਗੁਣਾਂ ਨੂੰ ਹਿਰਦੇ ਵਿਚ ਵਸਾਉਣਾ, ਪੂਰਨ ਪੱਥ-ਪਰਹੇਜ਼, ਚੌਗਿਰਦੇ ਦਾ ਪ੍ਰਭਾਵ ਅਰਥਾਤ ਗੁਰ-ਸੰਗਤ ਤੇ ਵਿਸ਼ਵਾਸ ਦਾ ਸਹਾਰਾ ਕੰਮ ਆਉਂਦਾ ਹੈ। ਬਾਣੀ, ਮੂਲ-ਮੰਤਰ ਤੇ ਗੁਰ-ਮੰਤਰ ਅਹੰ ਰੋਗ ਦੀ ਜ਼ਹਿਰ ਨਿਵਾਰਨ ਲਈ ਗਾਰੜੀ ਮੰਤਰ ਹੈ। ਗੁਰਦੇਵ ਪਿਤਾ ਜੀ ਨੇ ਸਾਰੇ


[ਬਾਕੀ ਸਫਾ ੬ ਹੇਠ]

www.AKJ.Org

# "ਏਕੈ ਰੇ ਹਰਿ ਏਕੈ ਜਾਨ"

[ਪ੍ਰਿੰ: ਕੁਲਦੀਪ ਸਿੰਘ ਹਉਰਾ, 162, ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ]

ਅਕਾਲ ਪੁਰਖ ਇਕ ਹੈ । ਉਹ ਕਰਤਾ, ਹਰਤਾ ਤੇ ਪਾਲਨਹਾਰ ਹੈ ।

ਐਸੀ ਸ਼ਕਤੀ ਲਈ "ਇੱਕ" ਸ਼ਬਦ ਦੀ ਕੀਤੀ ਵਰਤੋਂ ਦਰਸਾਂਦੀ ਹੈ ਕਿ ਜਦ ਮਨੁੱਖ ਅਕਾਲ ਪੁਰਖ ਦਾ ਧਿਆਨ ਧਰੇ ਤਾਂ ਉਸ ਦੀ ਏਕਤਾ ਦਾ ਧਿਆਨ ਉਸ ਦੀ ਦ੍ਰਿਸ਼ਟੀਗੋਚਰ ਹੋਵੇ। ਇਹ ਮੰਨਿਆ ਜਾਂਦਾ ਹੈ ਕਿ "ਓਅੰਕਾਰ" ਹੀ ਉਹ ਸ਼ਬਦ ਹੈ, ਜਿਸ ਦੁਆਰਾ ਬ੍ਰਹਿਮੰਡ ਦੀ ਉਤਪਤੀ ਹੋਈ, ਵਾਕ ਹੈ–

ਪ੍ਰਿਥਮ ਕਾਲ ਜਬ ਕਰਾ ਪਸਾਰਾ ॥
ਓਅੰਕਾਰ ਤੇ ਸ੍ਰਿਸਟ ਉਪਾਰਾ ॥੧੦॥ (ਪਾ: ੧੦, ਬਚਿਤ੍ਰ ਨਾਟਕ, ਅਧਿ : ੨)

'ਰਾਮਕਲੀ ਓਅੰਕਾਰ ਮਹਲਾ ੧' ਵਿਚ ਆਇਆ ਹੈ, ਓਨਮ ਸ਼ਬਦ ਨੂੰ ਗਹੁ ਨਾਲ ਸੁਣੋ। ਇਸ ਸ਼ਬਦ ਨੇ ਤ੍ਰੈਲੋਕੀ ਉਤਪੰਨ ਕੀਤੀ ਹੈ । ਗੁਰੂ ਨਾਨਕ ਸਾਹਿਬ ਅਨੁਸਾਰ–

ਓਨਮ ਅਖਰ ਸੁਣਹੁ ਬੀਚਾਰੁ ॥
ਓਨਮ ਅਖਰੁ ਤ੍ਰਿਭਵਣ ਸਾਰੁ ॥੧॥ [ਰਾਮ ਕਲੀ ਦਖਣੀ ਓਅੰਕਾਰ, ਪੰਨਾ ੯੩੦

ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਫੁਰਮਾਇਆ, ਸਾਰੀ ਸ੍ਰਿਸ਼ਟੀ ਓਅੰਕਾਰ ਨੇ ਹੀ ਸਾਜੀ ਹੈ ਤੇ ਇਹ ਸਾਜੀ ਹੋਈ ਲੀਲ੍ਹਾ ਅਕਾਲ ਪੁਰਖ ਦੀ ਵਡਿਆਈ ਦਰਸਾ ਰਹੀ ਹੈ–

ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥੨॥੧੮॥
(ਮਾਰੂ ਮਹਲਾ ੩, ਪੰਨਾ ੧੦੬੧)

ਪੁਰਾਤਨ ਸਮੇਂ ਤੋਂ ਹੀ ਏਕੇ ਦਾ ਅੱਖਰ ਵਰਤਿਆ ਜਾਂਦਾ ਰਿਹਾ ਹੈ । ਏਹੋ ਏਕਾ ਆਪਣੇ ਆਪ ਹੋਣ ਵਾਲਾ ਸੈਭੰ ਹੈ, ਮੂਲ-ਤੱਤ, ਅਸਲੀ ਨਿਚੋੜ ਹੈ ।

ਤੀਸਰੀ ਸਦੀ ਵਿਚ ਹੋਇਆ ਇਕ ਦਾਰਸ਼ਨਿਕ ਪਲੋਟਾਈਨਸ ਕਹਿੰਦਾ ਹੈ, "ਬ੍ਰਹਿਮੰਡ ਉਸ ਸਤਿ-ਸਰੂਪ, ਸਰਬ-ਵਿਆਪਕ ਪਰਮਾਤਮਾ ਦੀ ਅੰਸ਼ ਹੈ, ਜਿਸ ਨੂੰ ਅਸੀਂ "ਇਕ" ਮੰਨਦੇ ਹਾਂ, ਜਿਥੋਂ ਸਭ ਜੀਵ-ਆਤਮਾਵਾਂ ਉਪਜੀਆਂ ਹਨ ਤੇ ਉਨ੍ਹਾਂ ਨੇ ਫੇਰ ਉਸੇ ਵਿਚ ਹੀ ਲੀਨ ਹੋਣਾ ਹੈ ।"

ਇਹ ਵਿਚਾਰ ਭਾਰਤ ਵਿਚ ਵੈਦਕ ਸਮੇਂ ਤੋਂ ਚਲੇ ਆ ਰਹੇ ਹਨ । ਉਪਨਿਸ਼ਦਾਂ ਵਿਚ "ਓਅੰਕਾਰ" ਦਾ ਸ਼ਬਦ ਸਿਰਜਣ-ਹਾਰ, ਪਾਲਣਹਾਰ ਤੇ ਖੈ-ਕਰਤਾ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਗੀਤਾ ਵਿਚ ਵੀ ਇਸ ਸ਼ਬਦ ਦੀ ਵਰਤੋਂ ਇਸੇ ਅਰਥ ਵਿਚ ਹੋਈ ਮਿਲਦੀ ਹੈ । ਜਦੋਂ ਪੁਰਾਣਾਂ ਦਾ ਪ੍ਰਭਾਵ ਪਿਆ ਤਾਂ ਇਹ ਸ਼ਬਦ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦੀ ਤ੍ਰਿਮੂਰਤੀ ਲਈ ਵਰਤਿਆ ਜਾਣ ਲੱਗ ਪਿਆ । ਇਹ ਦੇਵਤੇ ਸ੍ਰਿਸ਼ਟੀ-ਸਾਜਣ, ਵਿਕਾਸ ਕਰਨ ਅਤੇ ਪ੍ਰਲੈ ਕਰਨ ਵਾਲੇ ਮੰਨੇ ਗਏ ਹਨ ।

ਗੁਰੂ ਨਾਨਕ ਸਾਹਿਬ ਨੇ 'ਓਮ' ਜਾਂ "ਓਅੰਕਾਰ" ਸ਼ਬਦ ਦੇ ਪਹਿਲਾਂ '੧' ਲਗਾ ਕੇ ਪਰਮਾਤਮਾ ਦੀ ਏਕਤਾ ਦੀ ਪ੍ਰੋੜ੍ਹਤਾ ਕੀਤੀ । ਗੁਰਬਾਣੀ ਅਨੁਸਾਰ ਸਭ ਸ੍ਰਿਸ਼ਟੀ ਦਾ ਕਾਰ-ਵਿਹਾਰ ਚਲਾਉਣ ਵਾਲੀ ਹਸਤੀ ਪਰਮਾਤਮਾ ਹੈ, ਜੋ ਸਰਵ-ਵਿਆਪਕ ਹੈ । ਉਹ ਹੀ ਸਿਰਜਣਹਾਰ, ਪਾਲਣਹਾਰ ਤੇ ਖੈ-ਕਰਤਾ ਹੈ । ਗੁਰੂ ਅਰਜਨ ਸਾਹਿਬ ਇਸ ਮੂਲ ਤੱਤ ਨੂੰ ਸਮਝਾਂਦੇ ਹੋਏ ਲਿਖਦੇ ਹਨ–

ਪਾਰਬ੍ਰਹਮੁ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ ॥
ਜੀਉ ਪਿੰਡੁ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ ॥੪॥੧੯॥
(ਸਿਰੀ ਰਾਗੁ ਮਹਲਾ ੫, ਪੰਨਾ ੪੫)

ਪਾਰਬ੍ਰਹਮ ਪਰਮਾਤਮਾ ਦੀ ਇਕਾਈ ਦਰਸਾਉਣ ਲਈ ਗੁਰੂ ਅਮਰਦਾਸ ਜੀ ਨੇ ਉਸ ਦੇ "ਇਕ" ਹੋਣ ਤੇ



www.AKJ.Org

ਜ਼ੋਰ ਦਿੰਦਿਆਂ ਲਿਖਿਆ ਹੈ–

ਅਵਰੁ ਦੂਜਾ ਕਿਉ ਸੇਵੀਐ ਜੰਮੈ ਤੇ ਮਰਿ ਜਾਇ ॥ (ਸਲੋਕੁ ਮ: ੩, ਵਾਰ ਗੂਜਰੀ, ਪੰਨਾ ੫੦੯)

ਉਹ ਪਰਮਾਤਮਾ "ਨਿਰਭਉ ਤੇ ਨਿਰਵੈਰ" ਹੈ। ਉਸ ਦਾ ਨਾ ਕੋਈ ਸ਼ਰੀਕ ਹੈ ਨਾ ਵੈਰੀ–

ਤਿਸ ਕਾ ਸਰੀਕੁ ਕੋ ਨਹੀ, ਨਾ ਕੋ ਕੰਟਕੁ ਵੈਰਾਈ ॥੨॥੧੫॥

(ਮ, ੩, ਵਾਰ ਵਡਹੰਸ, ਪੰਨਾ ੫੯੨)

ਜਿਵੇਂ ਛੇ ਰੁੱਤਾਂ ਤੇ ਬਾਰ੍ਹਾਂ ਮਹੀਨੇ ਇਕ ਸੂਰਜ ਦੇ ਚਮਤਕਾਰ ਹਨ, ਤਿਵੇਂ ਹੀ ਗੁਰਮੁਖ ਹਰ ਥਾਂ ਤੇ ਅਕਾਲ ਪੁਰਖ ਦਾ ਚਮਤਕਾਰ ਵੇਖਦਾ ਹੈ, ਕਿਉਂਕਿ ਸਾਰੀ ਸ੍ਰਿਸ਼ਟੀ ਉਸੇ ਦਾ ਹੀ ਪ੍ਰਕਾਸ਼ ਹੈ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ–

ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥

(ਆਸਾ ਮਹਲਾ ੧, ਪੰਨਾ ੧੩-੧੪)

ਅਕਾਲ ਪੁਰਖ ਦੀ ਏਕਤਾ ਦੀ ਪ੍ਰੋੜ੍ਹਤਾ ਕਰਦੇ ਹੋਇਆਂ ਗੁਰੂ ਨਾਨਕ ਸਾਹਿਬ ਨੇ 'ਏਕੋ' ਤੇ "ਓਮ" ਨੂੰ ਜੋੜ ਕੇ "੧ਓਅੰਕਾਰ" ਦੇ ਸ਼ਬਦ ਦੀ ਰਚਨਾ ਕੀਤੀ। ਇਹ ਸ਼ਬਦ "ਮੂਲ-ਮੰਤਰ" ਦਾ ਵਿਸ਼ੇਸ਼ ਭਾਗ ਹੈ।

ਗੁਰਮਤਿ ਅਨੁਸਾਰ ਪੁਰਾਤਨ ਵਿਚਾਰ ਕਿ ਬ੍ਰਹਮਾ ਸ੍ਰਿਸ਼ਟੀ ਸਾਜਦਾ ਹੈ, ਵਿਸ਼ਨੂੰ ਉਸ ਦੀ ਰਖਿਆ ਕਰਦਾ ਹੈ ਤੇ ਸ਼ਿਵ ਉਸ ਦਾ ਨਾਸ਼ ਕਰਦਾ ਹੈ, ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਆਪ ਨੇ ਨਵੀਨ ਤੇ ਨਰੋਈ ਵਿਚਾਰ ਦਿੰਦਿਆਂ ਹੋਇਆਂ ਇਹ ਤਿੰਨੇ ਕਾਰਜ ਅਕਾਲ ਪੁਰਖ ਤੋਂ ਹੁੰਦੇ ਮੰਨੇ ਹਨ ਤੇ ਲਿਖਿਆ ਹੈ–

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥੩੦॥ (ਜਪੁਜੀ)

ਗੁਰੂ ਨਾਨਕ ਸਾਹਿਬ ਨੇ ਇਕ ਥਾਂ ਤੇ ਹੋਰ ਫੁਰਮਾਇਆ ਹੈ–

ਆਪਿ ਉਪਾਏ ਆਪਿ ਖਪਾਏ ॥ ਆਪੇ ਸਿਰਿ ਸਿਰਿ ਧੰਧੈ ਲਾਇ ॥੨॥੧॥

(ਮਾਰੂ ਸੋਲਹੇ ਮ: ੧, ਪੰਨਾ ੧੦੨੦)

ਇਸੇ ਲਈ ਸੰਸਾਰ ਦੇ ਕਰਨਹਾਰ ਨੂੰ "ਕਰਤਾਰ" ਕਿਹਾ ਗਿਆ ਹੈ। ਗੁਰਮਤਿ ਦਾ ਇਹ ਵੀ ਵਿਸ਼ਵਾਸ ਹੈ ਕਿ ਤਿੰਨੇ ਲੋਕ ਪਰਮਾਤਮਾ ਨੇ ਹੀ ਸਾਜੇ ਹਨ। ਗੁਰੂ ਅਮਰਦਾਸ ਜੀ ਅਨੁਸਾਰ–

ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ ॥
ਆਪੇ ਸ੍ਰਿਸਟਿ ਸਭ ਸਾਜੀਅਨੁ ਆਪਿ ਮਤਿ ਦੀਨੀ ॥
ਸਿਮ੍ਰਿਤਿ ਸਾਸਤ ਸਾਜਿਅਨੁ ਪਾਪ ਪੁੰਨ ਗਣਤ ਗਣੀਨੀ ॥੭॥

(ਰਾਮਕਲੀ ਵਾਰ ਮਹਲਾ ੩, ਪੰਨਾ ੯੪੯)

ਅਕਾਲ ਪੁਰਖ ਸਰਬ-ਕਲਾ ਸਮਰੱਥ ਹੈ, ਜਿਵੇਂ ਕਿ ਉਹ ਆਪ ਹੀ ਧਾਗਾ ਹੈ, ਆਪ ਹੀ ਮਣਕੇ ਤੇ ਉਸ ਨੇ ਆਪਣੀ ਸ਼ਕਤੀ ਦੁਆਰਾ ਜਗਤ ਨੂੰ ਪਰੋ ਕੇ ਰੱਖਿਆ ਹੋਇਆ ਹੈ। ਜੇਕਰ ਉਹ ਧਾਗਾ ਖਿੱਚ ਲਵੇ ਤਾਂ ਮਣਕੇ ਆਪਣੇ ਆਪ ਹੀ ਡਿੱਗ ਕੇ ਖਿਲਰ ਜਾਂਦੇ ਹਨ। ਗੁਰੂ ਰਾਮਦਾਸ ਜੀ ਦਾ ਇਸ ਪ੍ਰਥਾਇ ਕਥਨ ਹੈ–

ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਇ ॥
ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ ॥੧॥੨॥

(ਸੋਰਠਿ, ਪੰਨਾ ੬੦੫)

ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ–

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥ ਸਦਾ ਸਮਾਲੇ ਕੋ ਨਾਹੀ ਖਾਲੀ ॥੫॥ (ਪੰਨਾ ੧੧੮)

ਅਕਾਲ ਪੁਰਖ ਸਤਿ-ਤੱਤ ਹੈ, ਇਸੇ ਲਈ ਉਹ ਮੁਢਲੇ ਪਰਾ-ਪੂਰਬਲੇ "ਸਤਿ ਨਾਮ" ਵਾਲਾ ਹੈ।



www.AKJ.Org

ਮਹਾਭਾਰਤ ਦੇ "ਸ਼ਾਂਤੀ ਪਰਵ" ਵਿਚ "ਸਤਿ ਨੂੰ ਅਮਰ ਕਿਹਾ ਗਿਆ ਹੈ, ਜੋ ਅਬਿਨਾਸ਼ੀ ਹੈ, ਸਦਾ ਇਕ-ਰਸ ਹੈ, ਸਦਾ ਇਕ-ਸਮਾਨ ਹੈ, ਕਦੀ ਬਦਲਦਾ ਨਹੀਂ।" ਮਨੁੱਖੀ ਵਿਚਾਰ ਅਨੁਸਾਰ,ਪਰਮਾਤਮਾ ਦੇ ਸੁਭਾਅ ਦੇ ਤਿੰਨ ਗੁਣ ਸਤਿ, ਚਿਤ, ਆਨੰਦ (ਸਤ੍ਯੰ, ਸ਼ਿਵੰ, ਸੁੰਦਰੰ) ਮੰਨੇ ਗਏ ਹਨ।

ਗੁਰਮਤਿ ਅਨੁਸਾਰ 'ਸਤਿ' ਦੇ ਅਰਥ ਸਦੀਵੀ-ਸੱਚ ਦੇ ਹਨ। ਭਾਵ ਉਹ ਪਰਮ-ਤੱਤ ਆਪ ਤਾਂ ਜਿਉਂ ਦਾ ਤਿਉਂ ਰਹਿੰਦਾ ਹੈ, ਪਰ ਸੰਸਾਰਕ ਅਦਲਾ-ਬਦਲੀ ਦਾ ਆਧਾਰ ਵੀ ਉਹ ਆਪ ਹੀ ਹੈ। ਗੁਰੂ ਅਮਰਦਾਸ ਜੀ ਅਨੁਸਾਰ ਉਹ ਸਦੀਵੀ ਸੱਚ ਹੈ, ਜੋ ਕਦੇ ਨਹੀਂ ਬਿਨਸਦਾ–

ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥੩॥ (ਪੰਨਾ ੪੪੮)

ਗਉੜੀ ਸੁਖਮਨੀ ਵਿਚ ਵੀ ਆਇਆ ਹੈ–

ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥੬॥੧੬॥ (ਪੰਨਾ ੨੮੪)

ਅਥਵਾ–ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥੨॥੧੭॥ (ਪੰਨਾ ੨੮੫)

ਗੁਰਬਾਣੀ ਅਨੁਸਾਰ ਅਕਾਲ ਪੁਰਖ ਕਰਣੀ ਵਿਚ ਸਰਬ ਸ਼ਕਤੀਮਾਨ ਤੇ ਸਰਬ ਕਲਾ ਸਮਰੱਥ ਦੱਸਿਆ ਗਿਆ ਹੈ, ਗਿਆਨ ਵਿਚ ਪੂਰਨ-ਸਰੂਪ ਤੇ ਦੇਸ-ਕਾਲ ਦੇ ਸੰਦਰਭ ਵਿਚ ਸਰਬ-ਵਿਆਪਕ ਹੈ। ਜੇ ਸਭ ਸੰਸਾਰ ਕਾਦਰ ਦੀ ਕੁਦਰਤ ਹੈ ਤਾਂ ਸੰਸਾਰ ਦੇ ਜੀਵਾਂ-ਜੰਤਾਂ ਵਿਚ ਜੋ ਵਿਕਾਸ ਜਾਂ ਉਤਰਾ-ਚੜ੍ਹਾ ਹੁੰਦਾ ਹੈ, ਉਸ ਬਾਬਤ ਗੁਰੂ ਨਾਨਕ ਸਾਹਿਬ ਨੇ "ਆਸਾ ਦੀ ਵਾਰ" ਵਿਚ ਕਿਹਾ ਹੈ–

ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥
ਕੁਦਰਤਿ ਪਉਣ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥੨॥੩॥ (ਪੰਨਾ ੪੬੪)

ਅਕਾਲ ਪੁਰਖ ਦੀ ਵਡਿਆਈ ਹੈ ਕਿ ਉਹ ਨਿਮਾਣਿਆਂ ਨੂੰ ਮਾਣ ਬਖਸ਼ਦਾ ਹੈ, ਜਿਸ ਦੇ ਤੁਫ਼ੈਲ ਜੋ ਕਿਸੇ ਗਿਣਤੀ ਵਿਚ ਨਹੀਂ ਉਹ ਪ੍ਰਸਿੱਧ ਹੋ ਜਾਂਦੇ ਹਨ। ਸੰਸਾਰ ਦਾ ਕਾਰ-ਵਿਹਾਰ ਸਭ ਉਸ ਦੇ ਹੁਕਮ ਤੇ ਰਜ਼ਾ ਅਨੁਸਾਰ ਚਲਦਾ ਹੈ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਪਾਤਸ਼ਾਹ ਜੀ ਦਾ ਕਥਨ ਹੈ–

ਖਿਨ ਮਹਿ ਨੀਚ ਕੀਟ ਕਉ ਰਾਜ ॥ ਪਾਰਬ੍ਰਹਮ ਗਰੀਬ ਨਿਵਾਜ ॥
ਜਾ ਕਾ ਦ੍ਰਿਸਟਿ ਕਛੂ ਨ ਆਵੈ ॥ ਤਿਸੁ ਤਤਕਾਲ ਦਹਦਿਸ ਪ੍ਰਗਟਾਵੈ ॥
ਜਾ ਕਉ ਅਪੁਨੀ ਕਰੈ ਬਖਸੀਸ ॥ ਤਾ ਕਾ ਲੇਖਾ ਨ ਗਨੈ ਜਗਦੀਸ ॥੪॥੧੧। ।(ਪੰਨਾ ੨੭੭)

ਗਿਆਨ ਪੱਖੋਂ ਉਹ ਅੰਤਰਜਾਮੀ ਤੇ ਘੱਟ-ਘੱਟ ਦੀ ਜਾਣਨ ਵਾਲਾ ਹੈ। ਉਹ ਸਭ ਹਿਰਦਿਆਂ ਵਿਚ ਵੱਸਦਾ ਹੈ। ਗੁਰੂ ਰਾਮਦਾਸ ਜੀ ਦਾ ਕਥਨ ਹੈ–

ਹਰਿ ਅੰਦਰਿ ਬਾਹਰਿ ਇਕੁ ਤੂੰ ਤੂੰ ਜਾਣਹਿ ਭੇਤੁ ॥
ਜੋ ਕੀਚੈ ਸੋ ਹਰਿ ਜਾਣਦਾ ਮੇਰੇ ਮਨ ਹਰਿ ਚੇਤੁ ॥੫॥ (ਸਿਰੀ ਰਾਗ ਵਾਰ, ਪੰਨਾ ੮੪)

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਂਦੇ ਹਨ–

ਏਕੈ ਰੇ ਹਰਿ ਏਕੈ ਜਾਨ ॥ ਏਕੈ ਰੇ ਗੁਰਮੁਖਿ ਜਾਨ ॥੧॥ਰਹਾਉ॥
ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ ਰਵਿਆ ਰੇ ਰਵਿਆ ਸ੍ਰਬ ਥਾਨ ॥੧॥
ਜਿਉ ਬੈਸੰਤਰੁ ਕਾਸਟ ਮਝਾਰਿ ਬਿਨੁ ਸੰਜਮ ਨਹੀ ਕਾਰਜ ਸਾਰਿ ॥
ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥

[ਬਾਕੀ ਸਫਾ ੧੭ ਹੇਠ]



www.AKJ.Org

# ਗੁਰਮਤਿ ਵਿਚ 'ਕਾਲ' ਤੇ 'ਅਉਸਰ' ਦਾ ਸੰਕਲਪ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

(ਲੜੀ ਜੋੜਨ ਲਈ ਵੇਖੋ 'ਸੂਰਾ' ਜੂਨ ੧੯੯੪)

**ਓਪਤ, ਪਰਲੋ ਦੇ ਅਉਸਰਾਂ ਵਿਚਕਾਰ–**

ਅਸੀਂ ਉਪਰ ਵਿਚਾਰ ਕਰ ਆਏ ਹਾਂ ਕਿ ਉਤਪਤੀ ਇਕ ਪ੍ਰਾਥਮਿਕ ਅਉਸਰ ਸੀ, ਜਦ ਨਿਰਗੁਣ ਸੱਤਾ ਸਰਗੁਣ ਹੋ ਸਾਕਾਰ ਹੋਈ, ਜੋ ਪਹਿਲਾਂ ਅਫੁਰ ਪਈ ਸੀ, ਪਰ ਹੁਣ ਇਕ ਖੇਡ ਖਿਲਾਰ ਕੇ ਉਸ ਨੂੰ ਵੇਖ ਵੇਖ ਵਿਗਸ ਰਹੀ ਹੈ। ਅੰਤ, ਜਦ ਉਹ ਇਸ ਖੇਡ ਨੂੰ ਸਮੇਟਣ ਦਾ ਸੰਕਲਪ ਕਰੇਗੀ ਤਾਂ 'ਖੇਲੁ ਸੰਕੋਚੈ ਤਉ ਨਾਨਕ ਏਕੈ' (ਪੰਨਾ ੨੯੨) ਅਨੁਸਾਰ ਮੁੜ ਉਹ ਆਪਣੀ ਨਿਰਗੁਣ ਅਵਸਥਾ ਵਿਚ ਪਰਤ ਜਾਵੇਗੀ। ਇਹ ਅੰਤਲਾ ਅਉਸਰ ਹੋਵੇਗਾ।

ਇਉਂ ਜਾਪਦਾ ਹੈ ਕਿ ਮੁੱਢਲੇ ਅਉਸਰ ਨਾਲ ਰੰਗ-ਮੰਚ ਤੋਂ ਇਕ ਪਰਦਾ ਉਠਦਾ ਹੈ ਤੇ ਅੰਤਲੇ ਅਉਸਰ ਨਾਲ ਇਹ ਪਰਦਾ ਡਿਗਦਾ ਹੈ। ਉਠਦੇ ਤੇ ਡਿੱਗਦੇ ਪਰਦਿਆਂ ਦੀਆਂ ਸੀਮਾਵਾਂ ਵਿਚਕਾਰ ਬ੍ਰਹਮੰਡ ਦਾ ਅਵਤਰਣ ਤੇ ਵਿਕਾਸ ਵਾਪਰਦਾ ਹੈ। ਇਹੋ ਮਾਇਆ ਦੀ ਖੇਡ ਹੈ–ਮਾਇਆ ਜੋ ਇਕ ਸੁਪਨਾਮਈ ਹੋਂਦ ਹੈ। ਮਾਇਆ ਦਾ ਸਿੱਧਾਂਤ ਭਾਰਤੀ ਦਰਸ਼ਨ ਦਾ ਇਕ ਬੁਨਿਆਦੀ ਸਿੱਧਾਂਤ ਹੈ। ਸ਼ੰਕਰਾਚਾਰੀਆ ਮਹਾਰਾਜ ਨੇ ਮਾਇਆ ਨੂੰ 'ਅਨਿਰ-ਵਾਚਯ' ਕਿਹਾ ਹੈ–ਅਥਵਾ ਇਸ ਬਾਰੇ ਨਾ ਇਹ ਕਿਹਾ ਜਾ ਸਕਦਾ ਹੈ ਕਿ ਇਹ ਸੱਤ ਹੈ ਤੇ ਨਾ ਇਹ ਕਿ ਅਸੱਤ ਹੈ। ਇਸ ਦਾ ਹੋਰ ਜੋ ਕੁਝ ਵੀ ਅਰਥ ਹੋਵੇ, ਇਕ ਸਿੱਟਾ ਜੋ ਅਵੱਸ਼ ਇਸ ਤੋਂ ਨਿਕਲਦਾ ਹੈ, ਉਹ ਇਹ ਹੈ ਕਿ ਨਿਸਚੇ ਹੀ ਮਾਇਆ ਦੀ ਹੋਂਦ ਹੈ। ਇਸ ਦੇ ਉਲਟ ਸਿੱਖ-ਮੱਤ ਵਿਚ ਮਾਇਆ ਦੀ ਹੋਂਦ ਨਿਸ਼ਚੇ ਨਹੀਂ ਮੰਨੀ ਗਈ। ਮਾਇਆ ਅਵਿਦਿਆ ਤੇ ਅਗਿਆਨ ਵਾਂਗ, ਆਤਮਾ ਦੀ ਇਕ ਸੁੰਗੜੀ-ਸਿਮਟੀ ਸ੍ਵੈ-ਸੀਮਿਤ ਅਵਸਥਾ ਹੈ, ਜੋ ਕੇਵਲ ਇਸ ਗੱਲ ਦੀ ਲਖਾਇਕ ਹੈ ਕਿ ਮਨੁੱਖੀ ਚੇਤਨਾ ਨੂੰ ਨਿਹਕੇਵਲ ਹਕੀਕਤ ਦਾ ਕੇਵਲ ਅਧੂਰਾ ਬੋਧ ਹੀ ਪ੍ਰਾਪਤ ਹੈ। ਗੁਰਬਾਣੀ ਵਿਚ ਪ੍ਰਸ਼ਨ ਉਠਾਇਆ ਗਿਆ ਹੈ: "ਮਾਇਆ ਕਿਸ ਕੋ ਆਖੀਐ, ਕਿਆ ਮਾਇਆ ਕਰਮ ਕਮਾਇ"? ਤੇ ਉੱਤਰ ਵਜੋਂ ਸੰਕੇਤ ਕੀਤਾ ਹੈ "ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ" (ਪੰਨਾ ੬੭)। ਅਰਥਾਤ, ਜਦੋਂ ਤਕ ਮਨੁੱਖ ਆਤਮਾ ਹਉਮੈ ਦੀ ਚੇਤਨਾ ਦੀ ਪੱਧਰ ਉਤੇ ਜੀਉਂਦੀ ਹੈ, ਦੁਖ-ਸੁਖ ਭੋਗਦੀ ਫਿਰਦੀ ਹੈ। ਇਉਂ ਮਾਇਆ, ਹਉਮੈ ਵਾਲੀ ਚੇਤਨਾ ਦਾ ਹੀ ਸਿੱਟਾ ਹੈ।

ਮਾਇਆ ਦੀ ਖੇਡ ਖਿਲਾਰਨ ਵਾਲੇ ਨੇ ਬ੍ਰਹਿਮੰਡ ਦੇ ਵਿਸ਼ਾਲ ਮੰਚ ਉਤੇ ਲੱਖਾਂ ਪਤਾਲ ਥਾਪ ਦਿਤੇ। ਲੱਖਾਂ

---

[ਸਫਾ ੧੬ ਦੀ ਬਾਕੀ]

ਮਿਲਿ ਸੰਗਤਿ ਤਜਿ ਅਭਿਮਾਨ ਕਹੁ ਨਾਨਕ ਪਾਏ ਹੈ ਪਰਮ ਨਿਧਾਨ ॥੨॥੧॥੩੪॥

[ਦੇਵ ਗੰਧਾਰੀ ਮ: ੫, ਪੰਨਾ ਪ੩ਪ

ਤਾਂ ਤੇ ਹੇ ਪ੍ਰਾਣੀ! ਉਸ ਇਕੋ ਇਕ ਹਰੀ-ਪਰਮਾਤਮਾ ਨੂੰ ਪਛਾਣ। ਪਰ ਉਹ ਪੂਰੇ ਸਤਿਗੁਰੂ ਰਾਹੀਂ ਹੀ ਪਛਾਣਿਆ ਜਾ ਸਕਦਾ ਹੈ, ਨਿਰੇ ਆਪਣੇ ਜਤਨਾਂ ਨਾਲ ਨਹੀਂ। ਐਵੇਂ ਦਰ ਦਰ ਤੇ ਨਾ ਭਟਕਦੇ ਫਿਰੋ, ਉਹ ਪ੍ਰਭੂ-ਪਰਮਾਤਮਾ ਸਭ ਥਾਈਂ ਤੇ ਸਭ ਹਿਰਦਿਆਂ ਵਿਚ ਵਸ ਰਿਹਾ ਹੈ। ਪਰ ਜਿਵੇਂ ਲਕੜੀ ਵਿਚ ਵਿਆਪਕ ਅਗਨੀ ਜੁਗਤੀ ਤੋਂ ਬਿਨਾਂ ਕਾਰਜ ਨਹੀਂ ਸਾਰਦੀ ਤਿਵੇਂ ਹੀ ਪੂਰੇ ਸਤਿਗੁਰੂ ਤੋਂ ਪ੍ਰਾਪਤ ਹੋਈ ਦੀਖਿਆ ਬਿਨਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਨਾਮ-ਰਸ-ਭੀਧੇ ਪੰਚਾਂ ਤੋਂ ਬਿਨਾਂ ਨਾਮ ਦੀ ਜੁਗਤੀ ਨਹੀਂ ਪ੍ਰਾਪਤ ਹੋ ਸਕਦੀ। ਇਉਂ ਸਤਿਗੁਰੂ ਦੀ ਸੱਚੀ ਸੰਗਤ ਵਿਚ ਮਿਲ ਕੇ ਹੀ, ਨਿਮਰਤਾ ਗਰੀਬੀ ਵਿਚ ਵਿਚਰ ਕੇ, ਨਾਮ ਦੇ ਪਰਮ ਖ਼ਜ਼ਾਨੇ ਨੂੰ ਪਾ ਸਕੀਦਾ ਹੈ ਅਤੇ ਹਰੀ-ਪ੍ਰਭੂ ਦੇ ਦੁਆਰੇ ਨੂੰ ਪ੍ਰਾਪਤ ਕਰ ਸਕੀਦਾ ਹੈ।


www.AKJ.Org

ਗ੍ਰਹਿ ਤੇ ਲੱਖਾਂ ਉਪਗ੍ਰਹਿ, ਵੱਸਦੀਆਂ ਤੇ ਵੱਸੋਂ-ਹੀਣ ਦੁਨੀਆਵਾਂ ਸਾਜ ਧਰੀਆਂ; ਤੇ ਇਨ੍ਹਾਂ ਸਭਨਾਂ ਵਿਚਕਾਰ ਇਕ ਸੂਰਜ ਲਿਆ ਖਲ੍ਹਾਰਿਆ, ਜੋ ਨਿਤ ਉਦੇ ਤੇ ਅਸਤ ਹੁੰਦਾ ਹੈ ਤੇ ਜਿਸ ਤੋਂ ਸਾਡੀਆਂ ਰੁੱਤਾਂ, ਥਿੱਤਾਂ, ਸੰਮਤ, ਮਾਹ, ਵਾਰ, ਪਹਿਰ, ਘੜੀਆਂ, ਪਲ ਹੋਂਦ ਵਿਚ ਆਏ। ਇਹ ਭਾਰਤੀ ਵਿਚਾਰ-ਧਾਰਾ ਦੇ ਮਾਨਵੀ ਕਾਲ ਦਾ ਸੰਕਲਪ ਹੈ।

ਇਸ ਦੇ ਟਾਕਰੇ ਉਤੇ ਬ੍ਰਹਿਮੰਡੀ, ਦੈਵੀ ਕਾਲ ਹੈ। ਮਨੁੱਖੀ ਕਾਲ ਦਾ ਇਕ ਸਾਲ ਦੇਵਤਿਆਂ ਦਾ ਇਕ ਦਿਨ-ਰਾਤ ਬਣਦਾ ਹੈ। ਬ੍ਰਹਿਮੰਡੀ ਸਮਾਂ ਜੁਗਾਂ ਵਿਚ ਵੰਡਿਆ ਜਾਂਦਾ ਹੈ—ਸਤਿਜੁਗ, ਦੁਆਪਰ, ਤ੍ਰੇਤਾ ਤੇ ਕਲਜੁਗ। ਚਾਰ ਜੁਗਾਂ ਦੇ ਜੋੜ (ਬਾਰ੍ਹਾਂ ਹਜ਼ਾਰ ਦੈਵੀ ਵਰ੍ਹਿਆਂ, ਅਥਵਾ, ਚਾਰ ਅਰਬ ਬੱਤੀ ਕਰੋੜ ਮਾਨਵੀ ਵਰ੍ਹਿਆਂ) ਨਾਲ ਬ੍ਰਹਮ ਦਾ ਇਕ ਦਿਨ (ਜਾਂ ਰਾਤ) ਬਣਦਾ ਹੈ। ਬ੍ਰਹਮ ਜਦ ਸੌ ਵਰ੍ਹਿਆਂ ਦਾ ਹੁੰਦਾ ਹੈ ਤਾਂ ਮੁੜ ਉਸ ਪਰਮਾਤਮਾ ਵਿਚ ਸਮਾ ਜਾਂਦਾ ਹੈ, ਜਿਸ ਵਿਚੋਂ ਉਹ ਉਪਜਿਆ ਸੀ।

ਗੁਰਬਾਣੀ ਵਿਚ ਵੀ ਮਨੁੱਖੀ ਤੇ ਬ੍ਰਹਿਮੰਡੀ ਦੋਹਾਂ ਸਮਿਆਂ ਦਾ ਥਾਂ-ਪਰ-ਥਾਂ ਜ਼ਿਕਰ ਹੈ ਤੇ ਕਈ ਥਾਈਂ ਇਨ੍ਹਾਂ ਦੋਹਾਂ ਦੇ ਪਰਸਪਰ ਸੰਬੰਧ ਦਾ ਵੀ :

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥
ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥ (ਪੰਨਾ ੧੨-੧੩)

ਇਥੇ ਇਉਂ ਜਾਪਦਾ ਹੈ ਕਿ ਇਨ੍ਹਾਂ ਦੋਨਾਂ ਤਰ੍ਹਾਂ ਦੇ ਸਮਿਆਂ ਵਿਚਾਲੇ ਇਕ ਸਮਾਂਤ੍ਰਿਕ ਸੰਬੰਧ ਮੌਜੂਦ ਹੈ।

ਉਪਤ ਤੇ ਪਰਲੋ ਦੇ ਅਉਸਰਾਂ ਵਿਚਕਾਰ ਦੋਨੋਂ ਤਰ੍ਹਾਂ ਦੇ ਇਹ ਕਾਲ ਆਪਣਾ ਆਪਣਾ ਤਾਲ ਪੂਰਦੇ ਹਨ ਤੇ ਇਨ੍ਹਾਂ ਦੋਹਾਂ ਸਿਰਿਆਂ ਦਾ ਸੁਆਮੀ ਉਹ ਆਪ ਹੈ, ਜੋ ਇਨ੍ਹਾਂ ਵਿਚਾਲੇ ਖੇਡਦਾ ਤੇ ਵਿਗਸਦਾ ਹੈ।

**ਮੌਤ ਦਾ ਜਨਮ, ਤੇ ਜਨਮ ਜਨਮ ਦੀ ਭਟਕਣ—**

'ਕਾਲ' ਇਕ ਅਜਿਹਾ ਸ਼ਬਦ ਹੈ ਜਿਸ ਦੇ ਇਕੋ ਵੇਲੇ ਦੋ ਅਰਥ ਹਨ; 'ਸਮਾਂ' ਤੇ 'ਮੌਤ'। ਇਉਂ ਜਾਪਦਾ ਹੈ ਜਿਵੇਂ ਇਹ ਦੋਵੇਂ ਅਰਥ ਇੱਕੋ ਹੀ ਹਕੀਕਤ ਦੇ ਲਖਾਇਕ ਹੋਣ। ਸੂਰਜ ਦਾ ਨਿਕਲਣਾ ਤੇ ਡੁੱਬਣਾ, ਦਿਨਾਂ ਰਾਤਾਂ ਦਾ ਆਉਣਾ ਤੇ ਚਲੇ ਜਾਣਾ, ਬੀਤਦੇ ਸਮੇਂ ਦੇ ਲਖਾਇਕ ਵੀ ਹਨ, ਤੇ ਹਰ ਚੀਜ਼ ਦੇ ਅੰਤ ਅਥਵਾ ਮੌਤ ਦੇ ਵੀ। ਜੋ ਉਦੇ ਹੋਇਆ ਹੈ ਉਸ ਨੇ ਅਸਤ ਵੀ ਹੋਣਾ ਹੈ, ਜੋ ਉਪਜਿਆ ਹੈ ਉਸ ਨੇ ਬਿਨਸਣਾ ਹੈ—ਅੱਜ ਨਹੀਂ ਤਾਂ ਕੱਲ੍ਹ।

ਮੌਤ ਦੇ ਜਨਮ ਦਾ ਵੈਦਿਕ ਸਿੱਧਾਂਤ 'ਅਦਿਤੀ' ਦੀ ਮਿਥਿਹਾਸਕ ਗਾਥਾ ਵਿਚ ਨਿਰੂਪਿਤ ਕੀਤਾ ਗਿਆ ਹੈ। ਅਦਿਤੀ ਨੇ ਸੱਤ ਅਮਰ ਦੇਵਤਿਆਂ ਨੂੰ ਜਨਮ ਦਿਤਾ, ਜੋ 'ਅਦਿਤੀਜ' ਕਹਾਏ। ਉਸ ਦਾ ਅਠਵਾਂ ਬੱਚਾ ਮਾਰਤੰਡ ਹੋਇਆ। ਮਾਰਤੰਡ ਦਾ ਅਰਥ ਹੈ : ਮਰਤਕ ਆਂਡੇ ਤੋਂ ਜਨਮਿਆ ਹੋਇਆ। ਮਰਤਕ ਆਂਡੇ ਤੋਂ ਉਪਜਣ ਕਾਰਨ, ਸੂਰਜ ਆਪਣੇ ਸਭ ਭਰਾਵਾਂ ਵਰਗੀ ਅਮਰਤਾ ਨਾ ਪ੍ਰਾਪਤ ਕਰ ਸਕਿਆ—ਸਗੋਂ ਇਸ ਨੂੰ ਬਾਰ ਬਾਰ ਜੰਮਣ ਤੇ ਮਰਨ ਦਾ ਭਾਗੀ ਹੋਣਾ ਪਿਆ। ਇਉਂ ਸੰਸਾਰ ਵਿਚ ਮੌਤ ਦਾ ਜਨਮ ਹੋਇਆ।

ਇਕੱਲਾ ਸੂਰਜ ਹੀ ਨਹੀਂ, ਜੋ ਨਿਤ ਮਰਦਾ ਤੇ ਮੁੜ ਮਰਨ ਲਈ ਵਾਰ ਵਾਰ ਜਨਮ ਲੈਂਦਾ ਹੈ; ਸਾਰੀ ਸਿਰਜਨਾ ਦੇ ਲੇਖਾਂ ਵਿਚ ਏਹੋ ਕੁਝ ਲਿਖਿਆ ਹੋਇਆ ਹੈ, ਤਾਂ ਵੀ ਹਰ ਜੀਵ ਦੇ ਅੰਦਰ ਇਕ ਸਾਰ-ਵਸਤੂ 'ਆਤਮਾ' ਹੈ, ਜੋ ਕਾਲ ਦੀ ਪ੍ਰਭੁਤਾ ਨੂੰ ਸਵੀਕਾਰ ਨਹੀਂ ਕਰਦੀ। ਮਿੱਟੀ ਦੀ ਦੇਹ ਬਿਨਸ ਜਾਂਦੀ ਹੈ, ਪਉਣਾਂ ਵਿਚ ਬੋਲ ਖਿਲਰ ਜਾਂਦੇ ਹਨ, ਪਰ ਇਹ ਨਹੀਂ ਮਰਦੀ :

ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥ (ਪੰਨਾ ੧੫੨)

ਜਦ ਮਿੱਟੀ ਵਿਚ ਮਿੱਟੀ ਰਲ ਜਾਂਦੀ ਹੈ ਤਾਂ ਵੀ ਇਹ ਜੀਊਂਦੀ ਰਹਿੰਦੀ ਹੈ ਤੇ ਜਨਮ-ਜਨਮਾਂਤਰਾਂ ਦੇ ਆਵਾ-ਗਉਣ ਵਿਚ ਇਕ ਨਿਰੰਤਰਤਾ ਦੀ ਧਾਰਨੀ ਬਣਦੀ ਹੈ। ਹਰੇਕ ਜੀਵ ਦਾ ਜੀਵਾਤਮਾ ਉਸ ਜੋਤ-ਰੂਪ ਪਰਮ-ਆਤਮਾ ਦੀ ਹੀ ਇਕ ਚਿਣਗ ਹੈ, ਜੋ ਘਟ-ਘਟ ਵਿਚ ਵਿਚਰ ਰਿਹਾ ਹੈ। ਇਹ ਦੋਵੇਂ ਇਕ ਹਕੀਕਤ ਦੇ


www.AKJ.Org

ਹੀ ਦੋ ਰੂਪ ਹਨ—ਜੋ ਬ੍ਰਹਮੰਡੇ ਹੈ, ਸੋਈ ਪਿੰਡੇ ਹੈ। ਉਪਨਿਸ਼ਦਾਂ ਵਿਚਲਾ ਸਰਬ-ਵਿਆਪੀ ਬ੍ਰਹਮ ਤੇ ਸਾਡੇ ਅੰਦਰਲਾ 'ਰਹੱਸਮਈ ਪੁਰਸ਼' ਦਰ-ਅਸਲ ਇਕੋ ਹੀ ਸਚਿਆਈ ਹੈ। ਚੋਲਾ ਤਿਆਗਣ ਮਗਰੋਂ, ਮੁਕਤ ਆਤਮਾ, ਪਰਮਾਤਮਾ ਵਿਚ ਇਉਂ ਲੀਨ ਹੋ ਜਾਂਦੀ ਹੈ, ਜਿਵੇਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ ਤੇ ਉਹ ਆਵਾ-ਗਉਣ ਦੇ ਸਿਲਸਿਲੇ ਤੋਂ ਸਦਾ ਲਈ ਛੁੱਟ ਜਾਂਦੀ ਹੈ; ਪਰ ਜੋ ਆਤਮਾ, ਕਰਮ-ਬੱਧ, ਅਜੇ ਮੁਕਤ ਨਹੀਂ ਹੋਈ, ਉਹ ਨਿੱਤ-ਨਵਾਂ, ਨਿੱਤ-ਨਵੇਰਾ, ਸਰੀਰ ਧਾਰ ਕੇ ਮੁੜ ਮੁੜ ਜਨਮ ਲੈਂਦੀ ਰਹਿੰਦੀ ਹੈ।

ਕਿਤਨੀਆਂ ਜੂਨਾਂ ਵਿਚ ਇਹ ਪੈ ਸਕਦੀ ਹੈ, ਇਸ ਦਾ ਕੋਈ ਲੇਖਾ ਨਹੀਂ; ਕੀੜੇ-ਪਤੰਗੇ, ਹਾਥੀ-ਘੋੜੇ, ਬ੍ਰਿਛ-ਬੂਟੇ ਆਦਿ ਦੀਆਂ ਕਿਤਨੀਆਂ ਅਨਗਿਣਤ ਜੂਨਾਂ ਅਸੀਂ ਕੱਟ ਆਏ ਹਾਂ, ਤੇ ਸ਼ਾਇਦ ਇਨ੍ਹਾਂ ਤੋਂ ਵੀ ਵਧ ਅਜੇ ਹੋਰ ਅਸਾਂ ਕਟਣੀਆਂ ਹਨ, ਇਹ ਸੋਚ ਕੇ ਹੀ ਅਕਲ ਨੂੰ ਬਤ੍ਰੇ ਪੈ ਜਾਂਦੇ ਹਨ। ਇਹ ਅਮੁਕ ਭ੍ਰਮਣ ਤਾਂ ਜਿਵੇਂ ਸਾਨੂੰ ਭਾਗਾਂ ਵਿਚ ਮਿਲਿਆ ਹੈ, ਜਿਸ ਵਿਚ ਸਾਨੂੰ ਇਕੱਲਿਆਂ, ਬਿਨਾਂ ਕਿਸੇ ਸਥਾਈ ਸੰਗ ਸਾਥ ਦੇ, ਭਟਕਣਾ ਪੈਂਦਾ ਹੈ।

**ਮਨੁੱਖਾ ਜਨਮ ਇਕ 'ਅਉਸਰ'—**

ਐਪਰ ਅਨਗਿਣਤ ਜੂਨਾਂ ਦੇ ਇਸ ਅਸੀਮ ਸਿਲਸਿਲੇ ਵਿਚ ਮਨੁੱਖ ਦੀ ਹੀ ਇਕ ਅਜਿਹੀ ਜੂਨ ਹੈ ਜੋ ਪ੍ਰਾਕ੍ਰਿਤਿਕ ਵਿਕਾਸ ਦੀ ਪ੍ਰਕਿਰਿਆ ਵਿਚ ਚੇਤਨ ਰੂਪ ਵਿਚ ਸ਼ਰੀਕ ਹੋ ਸਕਦੀ ਹੈ। ਇਸ ਨਾਤੇ ਮਨੁੱਖਾ ਜਨਮ, ਇਸ ਵਿਕਾਸ ਨੂੰ ਅਗਾਂਹ ਤੋਰਨ, ਤੇ ਆਵਾ-ਗਉਣ ਦੇ ਸਿਲਸਿਲੇ ਤੋਂ ਮੁਕਤੀ ਪ੍ਰਾਪਤ ਕਰਨ ਦਾ ਇਕੋ ਇਕ 'ਅਉਸਰ' ਹੈ। "ਇਹੀ ਤੇਰਾ ਅਉਸਰ ਇਹ ਤੇਰੀ ਬਾਰ" (ਪੰਨਾ ੧੧੫੯) ਏਸੇ ਜਨਮ ਬਾਰੇ ਹੀ ਕਿਹਾ ਗਿਆ ਹੈ। ਇਹ ਬੜਾ ਹੀ ਦੁਰਲੱਭ ਅਉਸਰ ਹੈ ਤੇ ਬਾਰ ਬਾਰ ਨਹੀਂ ਮਿਲਦਾ। ਅਨੇਕਾਂ ਜੂਨਾਂ ਦੀ ਭਟਕਣ ਵਿਚ ਅਸੀਂ ਆਪਣੇ ਅਸਲੇ ਤੋਂ ਵਿਛੜੇ ਪਏ ਸਾਂ। ਮਨੁੱਖਾ ਜਨਮ ਹੁਣ ਆਪਣੇ ਅਸਲੇ ਨਾਲ ਫੇਰ ਤੋਂ ਮਿਲਣ ਦਾ ਅਉਸਰ ਹੈ: "ਭਈ ਪਰਾਪਤਿ ਮਾਨੁਖ ਦੇਹੁਰੀਆ। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।" (ਪੰਨਾ ੩੭੮) ਇਸ ਨਾਤੇ ਇਹ ਜਨਮ, ਇਹ ਅਉਸਰ, ਇਕ ਅਮੋਲਕ ਰਤਨ ਹੈ।

ਅਉਸਰ ਦਾ ਲੱਛਣ ਕਰਦਿਆਂ, ਉਪਰੋਕਤ ਵਿਚਾਰ ਵਿਚ, ਅਸਾਂ ਇਸ ਨੂੰ ਸੰਭਾਵਨਾਵਾਂ ਨਾਲ ਭਰਿਆ ਇਕ ਛਿਨ ਕਿਹਾ ਸੀ। ਇਥੇ ਪੂਰੇ ਜਨਮ ਨੂੰ ਇਕ ਅਉਸਰ ਕਿਹਾ ਗਿਆ ਹੈ। ਇਹ ਸਮਝਣਾ ਕਠਿਨ ਨਹੀਂ ਕਿ ਅਨੰਤਤਾ ਦੇ ਪ੍ਰਕਰਣ ਵਿਚ (ਜਾਂ ਆਵਾ-ਗਉਣ ਦੇ ਨਿਕੇਰੇ ਪ੍ਰਕਰਣ ਵਿਚ) ਪੂਰੀ ਮਨੁੱਖੀ ਉਮਰ ਦੀ ਵੀ ਉਤਨੀ ਮਹੱਤਾ ਨਹੀਂ, ਜਿਤਨੀ ਕੁ ਮਨੁੱਖੀ ਜੀਵਨ ਵਿਚ ਇਕ ਛਿਨ ਦੀ ਹੁੰਦੀ ਹੈ। ਇਉਂ ਇਹ ਇਕ ਬੜਾ ਹੀ ਛੋਟਾ, ਖਿਣਿਕ ਅਉਸਰ ਹੈ। ਕੋਈ ਘੜੀ-ਪਲ ਦੀ ਮੁਹਲਤ ਹੈ, ਇਕ ਰਾਤ ਕਟਣ ਜਿਤਨੀ ਖੁਲ੍ਹ ਹੈ ਤੇ ਫੇਰ "ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ" (ਪੰਨਾ ੧੩੪)। ਇਸ ਨਿਰਾਸਤਾ, ਇਸ ਪਛਤਾਵੇ ਤੋਂ ਬਚਣ ਲਈ ਬੜਾ ਜ਼ਰੂਰੀ ਹੈ ਕਿ ਇਸ ਅਉਸਰ ਨੂੰ ਸੰਭਾਲਿਆ ਜਾਵੇ—ਤੇ ਅਉਸਰ ਸੰਭਾਲਣ ਲਈ ਸਮੇਂ ਸਿਰ ਜਤਨ ਕਰਨ ਦੀ ਲੋੜ ਹੁੰਦੀ ਹੈ, ਕਿਉਂਜੁ:

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥ (ਪੰਨਾ ੭੯੪)

**ਗੁਰੂ, ਇਕ ਅਉਸਰ—**

ਪੂਰਬਲੇ ਕਰਮਾਂ ਦਾ ਸਦਕਾ, ਇਕ ਵਿਅਕਤੀਗਤ ਅਉਸਰ ਗੁਰੂ ਦੇ ਮਿਲਾਪ ਦਾ ਮਿਲਦਾ ਹੈ—ਗੁਰੂ, ਜਿਸ ਦਾ ਕਰਤੱਵ ਹੈ: "ਸਚੁ ਸੁਣਾਇਸੀ ਸਚ ਕੀ ਬੇਲਾ" (ਪੰਨਾ ੭੨੩), ਜੋ ਸੱਚੀਆਂ ਸੁਣਾਉਂਦਾ ਹੈ ਸਮੇਂ ਦੇ ਹਾਕਮਾਂ ਨੂੰ, ਧਰਮ ਦੇ ਆਗੂਆਂ ਨੂੰ, ਮਾਨਸਿਕ ਗ਼ੁਲਾਮੀ ਵਿਚ ਬੱਝੇ ਲੋਕਾਂ ਨੂੰ, ਤੇ ਜਦ 'ਸਚਿ ਕਾਲ ਕੂੜੁ' ਵਰਤ ਰਿਹਾ ਹੋਵੇ ਤਾਂ ਸੱਚ ਦੀ ਦੁਹਾਈ ਦੇਂਦਾ ਹੈ। ਦੂਜੇ ਸ਼ਬਦਾਂ ਵਿਚ ਜਦੋਂ ਜਦੋਂ ਵੀ ਦੁਨੀਆ ਵਿਚ ਸੱਚ ਦੀ ਦੁਹਾਈ ਦੇਣ ਦਾ ਅਉਸਰ ਬਣਦਾ ਹੈ, ਗੁਰੂ ਦਾ ਆਗਮਨ ਹੁੰਦਾ ਹੈ।


www.AKJ.Org

ਇਹ ਸੱਚ ਦੀ ਦੁਹਾਈ, ਸੱਚ ਦੀ ਆਵਾਜ਼, ਸੱਚਾ ਸ਼ਬਦ ਹੀ ਅਸਲ ਵਿਚ ਗੁਰੂ ਹੁੰਦਾ ਹੈ। ਹਿਮਾਲਾ ਪਰਬਤ ਉਤੇ ਸਿੱਧਾਂ ਨਾਲ ਜਦ ਗੁਰੂ ਨਾਨਕ ਦੀ ਗੋਸ਼ਟਿ ਹੋਈ ਤਾਂ ਸਿੱਧਾਂ ਪੁੱਛਿਆ, "ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ" (ਪੰਨਾ ੯੪੨) ਤਾਂ ਗੁਰੂ ਨੇ ਉਤਰ ਦਿਤਾ, "ਸਬਦੁ ਗੁਰੂ ਸੁਰਤਿ ਧੁਨਿ ਚੇਲਾ" (ਪੰਨਾ ੯੪੩)। ਗੁਰੂ ਅਨਾਦੀ ਸ਼ਬਦ ਹੀ ਤਾਂ ਹੈ, ਜੋ ਸਰੀਰਕ ਜਾਮੇ ਵਿਚ ਰੂਪਮਾਨ ਹੁੰਦਾ ਹੈ। ਸੰਸਾਰ ਦੇ ਕਲਿਆਣ ਦਾ ਅਉਸਰ ਬਣਨ ਖ਼ਾਤਰ ਸ਼ਬਦ ਦੀ ਅਨੰਤਤਾ ਮਨੁੱਖੀ ਜੀਵਨ ਦੀਆਂ ਸੀਮਾਵਾਂ ਕਬੂਲ ਕਰਦੀ ਹੈ। ਇਉਂ ਗੁਰੂ ਇਕ ਸਦ-ਨੂਤਨ, ਸਦ-ਹਰਿਆਲਾ ਅਉਸਰ ਹੈ, ਲੋਕਾਈ ਦੇ ਕਲਿਆਣ ਦਾ—ਤੇ ਇਸ ਦੀ ਕਲਿਆਣਕਾਰੀ ਸ਼ਰਨ; ਲੋਕਾਈ ਦੀ ਕਲਿਆਣ-ਯਾਚਨਾ ਤੋਂ ਕਿਤੇ ਵਧੇਰੀ ਉਤਾਵਲੀ ਹੁੰਦੀ ਹੈ। ਇਸ ਦੀ ਸ਼ਰਨ ਵਲ ਜੇ ਇਕ ਪੈਂਡਾ ਚਲੋ ਤਾਂ ਉਹ ਕਰੋੜ ਪੈਂਡਾ ਅਗੋਂ ਹੋ ਕੇ ਤੁਹਾਨੂੰ ਲੈਣ ਆਉਂਦਾ ਹੈ। ਉਹ ਤਾਂ ਇਕ ਮੇਘ ਹੈ, ਜਿਸ ਨੂੰ ਸ਼ਬਦ-ਰੂਪੀ ਅੰਮ੍ਰਿਤ ਦੀ ਛਹਿਬਰ ਲਾਉਣ ਦਾ ਆਦੇਸ਼ ਹੈ, ਤਾਂ ਜੁ ਹਰ ਤ੍ਰਿਖਾਵੰਤ ਬਬੀਹੇ ਦੀ ਪਿਆਸ ਉਤਰ ਸਕੇ। ਹਰ ਉਹ ਵੇਲਾ ਜਦ ਤ੍ਰਿਖਾਵੰਤ ਬਬੀਹਿਆਂ ਦੀਆਂ ਵਿਲਕਦੀਆਂ ਚੁੰਝਾਂ ਵਿਚ, ਗੁਰੂ-ਸ਼ਬਦ-ਰੂਪੀ ਅੰਮ੍ਰਿਤ ਦੀ ਸ੍ਵਾਂਤਿ ਬੂੰਦ ਪੈਂਦੀ ਹੈ, 'ਅੰਮ੍ਰਿਤ ਵੇਲਾ' ਕਹਾਉਂਦਾ ਹੈ। ਇਸ ਨਾਤੇ, ਗੁਰੂ, ਵਾਹਿਗੁਰੂ ਦਾ ਹਰਕਾਰਾ ਹੈ, ਜਿਸ ਦੇ ਹਿਰਦੇ ਵਿਚ ਉਸ ਨੇ ਆਪਣੇ ਆਪ ਨੂੰ ਸਮੋ ਦਿਤਾ ਹੈ, ਤਾਂ ਜੁ ਸ਼ਬਦ ਦਾ ਵਰਤਾਰਾ ਹੋਵੇ। ਜਦ ਵੀ ਲੋਕਾਈ ਨੂੰ ਇਸ ਸ਼ਬਦ ਦੀ ਲੋੜ ਵਾਪਰਦੀ ਹੈ, ਗੁਰੂ ਜਨਮ ਲੈਂਦਾ ਹੈ; ਕਿਉਂਜੁ ਪੀੜਾਂ-ਮਾਰੀ ਲੋਕਾਈ ਦੀ ਇਹ ਲੋੜ ਹੀ ਉਸ ਦੇ ਆਗਮਨ ਦਾ ਅਉਸਰ ਬਣਦੀ ਹੈ।

**ਗੁਰ ਇਤਿਹਾਸ ਵਿਚ 'ਅਉਸਰ'—**

ਸਿਖ ਧਰਮ ਦੇ ਇਤਿਹਾਸ ਵਿਚ ਦਸ ਗੁਰੂ ਸਾਹਿਬਾਂ ਦਾ ਇਕ ਵਚਿੱਤਰ ਸਿਲਸਿਲਾ ਹੈ। ਹਰ ਵਾਰੀ ਜਦੋਂ 'ਵਰ-ਦਾਨ ਦਾ ਸਮਾਂ' ਆਇਆ, ਤਾਂ ਪਹਿਲੇ ਗੁਰੂ ਨੇ ਅਗਲੇ ਗੁਰੂ ਨੂੰ ਗੁਰ-ਗੱਦੀ ਦੇ ਕੇ ਉਸ ਅੱਗੇ ਆਪਣਾ ਮਸਤਕ ਨਿਵਾ ਦਿਤਾ। ਇਹ ਸਿਲਸਿਲਾ ਦਸਵੇਂ ਗੁਰੂ ਤਕ ਚਲਦਾ ਰਿਹਾ। ਦਸਵੇਂ ਗੁਰੂ ਨੇ ਗੁਰੂ ਗ੍ਰੰਥ ਨੂੰ ਗੁਰ-ਗੱਦੀ ਦੇ ਕੇ ਮੁੜ ਸ਼ਬਦ-ਰੂਪ ਅਨਾਦੀ ਗੁਰੂ ਦੀ ਸਥਾਪਨਾ ਕਰ ਦਿਤੀ।

ਦਸਵੇਂ ਗੁਰੂ ਜੀ ਨੇ ਕਾਲ ਤੇ ਅਉਸਰ ਦੇ ਸੰਕਲਪ ਨੂੰ ਇਕ ਬੜਾ ਬਲਵਾਨ ਤੇ ਕ੍ਰਿਆਤਮਕ ਬਿੰਬ ਪ੍ਰਦਾਨ ਕੀਤਾ। ਆਪਣੀ ਜਨਮ-ਸਾਖੀ ਬਚਿਤ੍ਰ ਨਾਟਕ ਵਿਚ ਆਪਣੇ ਪੂਰਬਲੇ ਜਨਮ ਦੀ ਵਿਥਿਆ ਦਸਦਿਆਂ ਉਹ ਕਹਿੰਦੇ ਹਨ ਕਿ ਜਦੋਂ ਪ੍ਰਭੂ ਵਲੋਂ ਉਹਨਾਂ ਨੂੰ ਇਸ ਦੁਨੀਆ ਵਿਚ ਆਉਣ ਦਾ ਆਦੇਸ਼ ਹੋਇਆ, ਓਦੋਂ ਉਹ ਮਹਾਂ-ਕਾਲ-ਕਾਲਕਾ ਦੀ ਅਰਾਧਨਾ ਕਰ ਰਹੇ ਸਨ। ਇਹ ਗੱਲ ਬੜੀ ਹੀ ਮਹੱਤਵ-ਪੂਰਣ ਹੈ ਕਿ ਉਹ ਅਜਿਹੇ ਮਿਸ੍ਰਿਤ ਇਸ਼ਟ-ਦੇਵ ਦੀ ਅਰਾਧਨਾ ਵਿਚ ਲਗੇ ਹੋਏ ਸਨ ਜੋ ਇਕੋ ਵਕਤ ਮਹਾਕਾਲ ਵੀ ਸੀ ਤੇ ਕਾਲਕਾ ਵੀ। ਮਹਾਕਾਲ ਤੋਂ ਭਾਵ ਕਾਲ ਦਾ ਅਨੰਤ ਰੂਪ, ਸਦੀਵਤਾ ਹੈ—ਇਹ ਉਹੋ ਰੂਪ ਹੈ ਜਿਸ ਨੂੰ ਭਗਵਾਨ ਕ੍ਰਿਸ਼ਨ ਗੀਤਾ ਵਿਚ 'ਅਕਸ਼ੈ ਕਾਲ' ਕਹਿੰਦੇ ਹਨ ਤੇ ਕਾਲਕਾ ਤੋਂ ਭਾਵ ਕਾਲ ਦਾ ਨਿੱਕਾ, ਗਤੀਸ਼ੀਲ, ਖਿਣਿਕ-ਰੂਪ 'ਅਉਸਰ' ਹੈ। ਹਿੰਦੂ ਪੁਰਾਣ ਵਿਚ ਮਹਾਕਾਲ ਤੇ ਕਾਲਿਕਾ ਨੂੰ ਸ਼ਿਵ ਜੀ ਤੇ ਉਨ੍ਹਾਂ ਦੀ ਅਰਧੰਗਣੀ ਪਾਰਬਤੀ ਦਾ ਰੂਪ ਦਿਤਾ ਗਿਆ ਹੈ।

ਮਹਾਕਾਲ-ਕਾਲਿਕਾ ਦੇ ਉਪਾਸ਼ਕ ਗੁਰੂ ਗੋਬਿੰਦ ਸਿੰਘ ਜੀ ਨੇ ਕਾਲ ਦੀ ਬੜੀ ਮਹਿਮਾ ਕੀਤੀ ਹੈ, ਤੇ ਇਸ ਨੂੰ ਦੋ ਤਰ੍ਹਾਂ ਦੀਆਂ ਪ੍ਰਕਿਰਿਆਵਾਂ ਦਾ ਧਾਰਨੀ ਮੰਨਿਆ ਹੈ—ਇਕ ਨਿਰੰਤਰ ਸੰਘਾਰ ਕਰਨ ਵਾਲਾ ਭਿਆਨਕ ਰੂਪ ਸਰਬਕਾਲ, ਤੇ ਦੂਜਾ ਕਲਿਆਣਕਾਰੀ ਕ੍ਰਿਪਾ-ਕਾਲ, ਜਿਸ ਦੀ ਕ੍ਰਿਪਾਨ ਤੇ ਭਾਰੀਆਂ ਭੁਜਾਵਾਂ ਦਾ ਭਰੋਸਾ ਬੜਾ ਭਾਰੀ ਹੈ। ਇਹ ਦੋਵੇਂ ਮਹਾਕਾਲ ਤੇ ਕਾਲਿਕਾ ਦੇ ਹੀ ਦੋ ਵਖਰੇ ਵਖਰੇ ਸਰੂਪ ਹਨ। ਗੁਰੂ ਜੀ ਕਹਿੰਦੇ ਹਨ :

ਜੋ ਕਲਿ ਕੋ ਇਕ ਬਾਰ ਧਿਐ ਹੈ ॥ ਤਾ ਕੇ ਕਾਲ ਨਿਕਟਿ ਨਹਿ ਐ ਹੈ ॥੨੨॥

(ਕਬਯੋ ਬਾਚ ਬੇਨੀ ਚੌਪਈ ਪਾ: ੧੦

ਜਾਪਦਾ ਹੈ ਮਹਾਕਾਲ-ਕਾਲਕਾ ਦਾ ਅਰਾਧਕ, ਭਵਿੱਖ ਦੇ ਕਿਸੇ ਮਹਾਨ ਕਾਰਜ ਦੀ ਤਿਆਰੀ ਵਿਚ ਸੀ—


www.AKJ.Org

ਉਹ ਕਾਰਜ ਜਿਸ ਦੀ ਪੂਰਤੀ ਲਈ ਪ੍ਰਭੂ ਨੇ ਉਸ ਨੂੰ ਚੁਣਿਆ ਤੇ ਫੇਰ ਤੋਂ ਸੰਸਾਰ ਵਿਚ ਆਉਣ ਦਾ ਆਦੇਸ਼ ਦਿਤਾ। ਇਸ ਆਦੇਸ਼ ਸਦਕਾ ਕਾਲ ਤੋਂ ਮੁਕਤ ਹੋਈ ਗੁਰੂ ਦੀ ਮਹਾਨ ਆਤਮਾ ਨੇ ਮੁੜ ਕਾਲ ਦੇ ਮੰਡਲ ਵਿਚ ਵਿਚਰਨਾ ਪਰਵਾਨ ਕੀਤਾ। ਇਹ ਇਕ 'ਅਉਸਰ' ਸੀ–ਪ੍ਰਭੂ ਲਈ ਆਪਣਾ ਬਿਰਦ ਪਾਲਣ ਦਾ; ਗੁਰੂ ਲਈ ਇਕ ਨਵੇਂ ਪੰਥ ਦੇ ਨਿਰਮਾਣ ਦਾ, ਅਤੇ ਲੋਕਾਈ ਲਈ ਨਿਜਾਤ ਦੇ ਇਕ ਨਵੇਂ ਰਾਹ ਦਾ। ਇਸ ਆਤਮਕ ਅਉਸਰ ਵਿਚੋਂ ਕਿਸੇ ਕ੍ਰਿਆਤਮਕ ਅਉਸਰ ਦਾ ਜਨਮ ਹੋਣਾ ਅਵੱਸ਼ ਸੀ।

ਇਹ ਕ੍ਰਿਆਤਮਕ ਜਾਂ ਇਤਿਹਾਸਕ ਅਉਸਰ ਇਕ ਵਚਿਤ੍ਰ ਨਾਟਕੀ ਘਟਨਾ ਬਣ ਕੇ ਸਾਕਾਰ ਹੋਇਆ। ਉਹ, ਜਿਸ ਦੀ ਤਿਆਰੀ ਹੋ ਰਹੀ ਸੀ, ਇਤਿਹਾਸਕ ਹਕੀਕਤ ਬਣ ਗਿਆ। ਸੰਨ ੧੬੯੯ ਈ: ਦੀ ਵਿਸਾਖੀ ਦੇ ਦਿਨ, ਜਦ ਗੁਰੂ ਜੀ ਨੇ ਭਰੇ ਦੀਵਾਨ ਵਿਚ ਤਲਵਾਰ ਦੀ ਭੇਟਾ ਲਈ ਸੀਸ ਮੰਗੇ–ਇਕ ਵਾਰ ਨਹੀਂ, ਪੰਜ ਵਾਰ–ਤੇ ਉਨ੍ਹਾਂ ਪੰਜਾਂ ਪਿਆਰਿਆਂ ਤੋਂ, ਜਿਨ੍ਹਾਂ ਆਪਣੇ ਸੀਸ ਭੇਟ ਕੀਤੇ, ਅੰਮ੍ਰਿਤ-ਸੰਚਾਰ ਰਾਹੀਂ ਮਰਜੀਵੜਿਆਂ ਦੀ ਇਕ ਨਵੀਂ ਕੌਮ ਦੀ ਸਿਰਜਨਾ ਅਰੰਭੀ।

ਸੀਸ-ਭੇਟ ਦੀ ਇਹ ਮੰਗ ਇਕੋ ਵਕਤ ਮਹਾਕਾਲ ਤੇ ਕਾਲਕਾ ਦੋਹਾਂ ਦੀ ਲਲਕਾਰ ਸੀ–ਮਹਾਕਾਲ ਦੀ, ਕਿਉਂਜੁ ਇਹ ਮੌਤ ਦੀ ਲਲਕਾਰ ਸੀ, ਤੇ ਕਾਲਿਕਾ ਦੀ, ਕਿਉਂਜੁ ਇਹ ਅਮਰਤਾ ਦੀ ਪ੍ਰਾਪਤੀ ਦਾ ਅਉਸਰ ਸੀ।

ਇਹ ਇਤਿਹਾਸਕ ਅਉਸਰ ਹੁਣ ਹਰ ਸਿਖ ਦੀ ਸ਼ਖ਼ਸੀ ਜ਼ਿੰਦਗੀ ਵਿਚ ਦੁਹਰਾਇਆ ਜਾਂਦਾ ਹੈ, ਜਦ ਉਹ ਖੰਡੇਧਾਰ ਪਾਹੁਲ ਦਾ ਜਾਚਕ ਬਣਦਾ ਹੈ।

ਇਉਂ ਸਿਖ-ਮੱਤ; ਸਿਖ ਇਤਿਹਾਸ ਤੇ ਸਿਖ ਰਹਿਤ–ਸਭਨਾਂ ਵਿਚ 'ਅਉਸਰ' ਦਾ ਸੰਕਲਪ ਇਕ ਉਚੇਚਾ ਅਸਥਾਨ ਰਖਦਾ ਹੈ ਤੇ ਹਰ ਸਿਖ ਦੀ ਇਹ ਪਾਵਨ ਇੱਛਾ ਹੁੰਦੀ ਹੈ ਕਿ ਜਦ ਉਹ ਜੀਵਨ ਦੀ ਯਾਤਰਾ ਦੇ ਅੰਤਿਮ ਪੜਾਅ ਉਤੇ ਪਹੁੰਚੇ ਤਾਂ ਇਹ ਆਖ ਸਕੇ ਕਿ–

ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ ॥ (ਪੰਨਾ ੭੪)

[ਪੁਸਤਕ "ਸਿਧ ਗੋਸਟਿ ਅਤੇ ਹੋਰ ਲੇਖ" ਵਿਚੋਂ ਧੰਨਵਾਦ ਸਹਿਤ

---

[ਸਫਾ ੨੪ ਦੀ ਬਾਕੀ]

**ਪਦ ਅਰਥ** : ਸਲਿਲ–ਪਾਣੀ। ਬ੍ਰਿਗੰਧ–ਦੁਰਗੰਧ। ਉਨਮਾਨੀਐ–ਵੀਚਾਰਨਾ, ਸਮਝਣਾ। ਪਾਕ–ਰਸੋਈ। ਸਾਕ ਬਿੰਜਨ–ਸਾਗ ਭਾਜੀ ਅਤੇ ਭੋਜਨ। ਘ੍ਰਿਤ–ਘਿਉ। ਅਸਾਧ–ਦੁਸ਼ਟ ਪੁਰਸ਼। ਸਾਧ–ਉਤਮ ਸਾਧੂ ਪੁਰਸ਼। ਮੂਰੀ–ਮੂਲੀ। ਤੰਬੋਲ–ਪਾਨ।

**ਅਰਥ** : ਪਾਣੀ ਜਿਹੋ ਜਿਹੋ ਰੰਗ ਨਾਲ ਮਿਲਦਾ ਹੈ, ਮਿਲ ਕੇ ਓਹੋ ਓਹੋ ਜਿਹਾ (ਰੰਗ ਵਾਲਾ) ਹੋ ਜਾਂਦਾ ਹੈ। (ਚੰਗੀ ਮੰਦੀ ਸੰਗਤ ਵਿਚ ਇਸੇ ਤਰ੍ਹਾਂ ਜੀਵ) ਸੰਸਾਰ ਵਿਚ ਜਾਣਿਆ ਜਾਂਦਾ ਹੈ।

ਵਾਯੂ ਚੰਦਨ ਦੀ ਸੁਗੰਧੀ ਨਾਲ ਮਿਲ ਕੇ ਸੁਗੰਧੀ ਵਾਲੀ ਹੋ ਜਾਂਦੀ ਹੈ ਅਤੇ ਮਲ ਮੂਤਰ ਵਿਚ ਵਿਚਰਨ ਨਾਲ ਦੁਰਗੰਧੀ ਵਾਲੀ ਜਾਣੀ ਜਾਂਦੀ ਹੈ।

ਘਿਉ ਰਸੋਈ ਵਿਚ ਜਿਹੋ ਜਿਹੇ ਭੋਜਨ ਅਤੇ ਸਾਗ ਭਾਜੀ ਨਾਲ ਮਿਲਦਾ ਹੈ, ਓਹੋ ਓਹੋ ਸਵਾਦ ਤੇ ਰਸ ਉਸ ਦਾ ਜੀਭ ਨਾਲ ਮਾਣੀਦਾ ਹੈ।

(ਜਿਵੇਂ) ਮੂਲੀ ਅਤੇ ਪਾਨ ਦਾ ਸਵਾਦ ਖਾਣ ਤੇ ਪਤਾ ਲਗਦਾ ਹੈ, ਇਸੇ ਤਰ੍ਹਾਂ ਹੀ ਉਤਮ ਸਾਧੂ ਪੁਰਸ਼ਾਂ ਦੀ ਸੰਗਤ ਅਤੇ ਦੁਸ਼ਟ ਪੁਰਸ਼ਾਂ ਦੇ ਸੁਭਾਵ ਦੀ ਗਤੀ ਜਾਣੀ ਜਾਂਦੀ ਹੈ।੧੫੮।



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੨੮)

ਖੁਲੇ ਸੇ ਬੰਧਨ ਬਿਖੈ ਭਲੋ ਹੈ ਸੀਚਾਨੋ ਜਾ ਤੇ,
ਜੀਵ ਘਾਤ ਕਰੇ ਨ ਬਿਕਾਰੁ ਹੋਇ ਆਵਈ ॥
ਖੁਲੇ ਸੇ ਬੰਧਨ ਬਿਖੈ ਚਕਈ ਭਲੀ ਜਾ ਤੇ,
ਰਾਮ ਰੇਖ ਮੇਟਿ ਨਿਸਿ ਪ੍ਰਿਅ ਸੰਗੁ ਪਾਵਈ ॥
ਖੁਲੇ ਸੇ ਬੰਧਨ ਬਿਖੈ ਭਲੋ ਹੈ ਸੂਆ ਪ੍ਰਸਿਧ,
ਸੁਨਿ ਉਪਦੇਸੁ ਰਾਮ ਨਾਮ ਲਿਵ ਲਾਈ ॥
ਮੋਖ ਪਦਵੀ ਸੈ ਤੈਸੇ ਮਾਨਸ ਜਨਮ ਭਲੋ,
ਗੁਰਮੁਖਿ ਹੋਇ ਸਾਧ ਸੰਗਿ ਪ੍ਰਭ ਧਿਆਵਈ ॥੧੫੪॥

**ਪਦ ਅਰਥ** : ਬੰਧਨ–ਫਾਹੀ, ਕੈਦ, ਪਿੰਜਰਾ । ਬਿਖੈ–ਵਿਚ । ਸੀਚਾਨੋ–ਬਾਜ਼ ਪੰਖੀ । ਜਾ ਤੇ–ਜਾਂ ਤੇ, ਜਿਸ ਕਰਕੇ । ਜੀਵ ਘਾਤ–ਜੀਵਾਂ ਨੂੰ ਮਾਰਨਾ । ਬਿਕਾਰੁ–ਬੁਰਿਆਈ । ਚਕਈ–ਚਕਵੀ । ਰਾਮ ਰੇਖ–ਰਾਮ ਜੀ ਦਾ ਸਰਾਪ । ਨਿਸਿ–ਰਾਤ । ਪ੍ਰਿਅ ਸੰਗੁ–ਪਿਆਰੇ ਦਾ ਮੇਲ । ਸੂਆ–ਤੋਤਾ । ਪ੍ਰਸਿਧ–ਪ੍ਰਗਟ ।

**ਅਰਥ** : ਬਾਜ਼ ਖੁਲ੍ਹੇ ਰਹਿਣ ਨਾਲੋਂ ਬੰਧਨ ਵਿਚ ਚੰਗਾ ਹੈ, ਜਿਸ ਕਰਕੇ ਉਸ ਤੋਂ ਜੀਵਾਂ ਨੂੰ ਮਾਰਨ ਦੀ ਬੁਰਿਆਈ ਨਹੀਂ ਹੋ ਆਉਂਦੀ ।

ਚਕਵੀ ਖੁਲ੍ਹੇ ਰਹਿਣ ਨਾਲੋਂ ਪਿੰਜਰੇ ਵਿਚ ਚੰਗੀ ਹੈ, ਜਿਸ ਕਰਕੇ ਉਹ ਸ੍ਰੀ ਰਾਮ ਜੀ ਦੇ ਸਰਾਪ* ਨੂੰ ਮਿਟਾ ਕੇ ਰਾਤ ਨੂੰ ਆਪਣੇ ਪਿਆਰੇ ਚਕਵੇ ਦਾ ਮਿਲਾਪ ਪਾਉਂਦੀ ਹੈ ।

ਤੋਤਾ ਖੁਲ੍ਹੇ ਰਹਿਣ ਨਾਲੋਂ ਪਿੰਜਰੇ ਵਿਚ ਚੰਗਾ ਹੈ, (ਇਸ ਤਰ੍ਹਾਂ ਉਹ) ਪ੍ਰਗਟ ਤੌਰ ਤੇ (ਮਾਲਕ ਪਾਸੋਂ) ਉਪਦੇਸ਼ ਸੁਣ ਕੇ ਰਾਮ ਨਾਮ (ਦੇ ਰਟਨ) ਵਿਚ ਸੁਰਤੀ ਲਾਈ ਰਖਦਾ ਹੈ ।

ਇਉਂ ਹੀ (ਬਾਹਰਮੁਖੀ) ਮੋਖ ਪਦਵੀ ਪਾ ਲੈਣ ਨਾਲੋਂ ਮਨੁਖਾ ਜਨਮ (ਰੂਪ ਪਿੰਜਰੇ) ਵਿਚ, ਜਨਮ ਧਾਰ ਕੇ ਪੈਣਾ ਭਲਾ ਹੈ, (ਜਿਸ ਕਰਕੇ) ਸਤਿਗੁਰੂ ਦਾ ਆਗਿਆਕਾਰੀ ਸਿਖ ਹੋ ਕੇ, ਸਾਧੂ ਪੁਰਸ਼ਾਂ ਦੀ ਸੰਗਤ ਵਿਚ ਵਾਹਿਗੁਰੂ ਨੂੰ ਧਿਆਈਦਾ ਹੈ ।੧੫੪।

ਜੈਸੇ ਸੂਆ ਉਡਤ ਫਿਰਤ ਬਨ ਬਨ ਪ੍ਰਤਿ,
ਜੈਸੇ ਈ ਬਿਰਖ ਬੈਠੇ, ਤੈਸੋ ਫਲੁ ਚਾਖਈ ॥
ਪਰ-ਬਸਿ ਹੋਇ, ਜੈਸੀ ਜੈਸੀਐ ਸੰਗਤਿ ਮਿਲੈ,
ਸੁਨਿ ਉਪਦੇਸ, ਤੈਸੀ ਭਾਖਾ ਲੈ ਸੁਭਾਖਈ ॥
ਤੈਸੇ ਚਿਤ ਚੰਚਲ ਚਪਲ, ਜਲ ਕੋ ਸੁਭਾਉ,
ਜੈਸੇ ਰੰਗ ਸੰਗਿ ਮਿਲੈ, ਤੈਸੋ ਰੰਗ ਰਾਖਈ ॥
ਅਧਮ ਅਸਾਧ ਜੈਸੇ ਬਾਰੁਨੀ ਬਿਨਾਸ ਕਾਲ,
ਸਾਧ ਸੰਗ ਗੰਗ ਮਿਲਿ, ਸੁਜਨ ਭਿਲਾਖਈ ॥੧੫੫॥

**ਪਦ ਅਰਥ** : ਸੂਆ–ਤੋਤਾ । ਬਨ ਬਨ ਪ੍ਰਤਿ–ਜੰਗਲਾਂ ਜੰਗਲਾਂ ਪ੍ਰਤੀ, ਭਾਂਤੋ ਭਾਂਤੀ ਬਾਗਾਂ ਵਿਚ । ਬਿਰਖ–ਬ੍ਰਿਛ । ਪਰ ਬਸਿ–ਪਰਾਏ ਵਸ ਵਿਚ । ਜੈਸੀ ਜੈਸੀਐ ਸੰਗਤਿ–ਜੈਸੀ ਜੈਸੀ ਸੰਗਤ । ਭਾਖਾ–ਬੋਲੀ । ਸੁਭਾਖਈ–

* ਕਥਾ ਹੈ ਕਿ ਜਦੋਂ ਰਾਵਣ ਸੀਤਾ ਨੂੰ ਚੁਰਾ ਲੈ ਗਿਆ ਤਾਂ ਸ੍ਰੀ ਰਾਮ ਜੀ ਵਿਛੋੜੇ ਵਿਚ ਬ੍ਰਿਛਾਂ ਬੂਟਿਆਂ ਪਾਸੋਂ ਉਸ ਦਾ ਖੁਰਾ ਖੋਜ ਪੁਛਦੇ ਫਿਰਦੇ ਸਨ ਕਿ ਬ੍ਰਿਛ ਤੇ ਬੈਠੀ ਚਕਵੀ ਨੇ ਕੁਝ ਤਰਕ ਕੀਤੀ ਤਾਂ ਰਾਮ ਜੀ ਨੇ ਸਰਾਪ ਦਿਤਾ ਕਿ ਉਨ੍ਹਾਂ ਦੀ ਸਾਰੀ ਕੁਲ ਵਿਚ ਹੀ ਰਾਤ ਸਮੇਂ ਚਕਵੀ ਚਕਵੇ ਦਾ ਮੇਲ ਨਹੀਂ ਹੋ ਸਕੇਗਾ ।



www.AKJ.Org

ਭਲੀ ਭਾਂਤ ਬੋਲਦਾ ਹੈ। ਚਿਤ–ਮਨ। ਚਪਲ–ਅ-ਸਥਿਰ, ਨਾ ਟਿਕਣ ਵਾਲਾ। ਅਧਮ–ਨੀਚ। ਅਸਾਧ–ਦੁਸ਼ਟ। ਬਾਰੁਨੀ–ਸ਼ਰਾਬ। ਬਿਨਾਸ ਕਾਲ–ਮੌਤ ਸਮੇਂ। ਸੁਜਨ–ਨੇਕ ਪੁਰਸ਼। ਭਿਲਾਖਈ–ਅਭਿਲਾਖਾ ਕਰਦਾ ਹੈ।

**ਅਰਥ** : ਜਿਵੇਂ ਤੋਤਾ ਭਾਂਤੋ ਭਾਂਤੀ ਬਾਗਾਂ ਵਿਚ ਉਡਦਾ ਫਿਰਦਾ ਹੈ ਅਤੇ ਜਿਹੋ ਜਿਹੇ ਬ੍ਰਿਛ ਤੇ ਰਹਿੰਦਾ ਹੈ, ਉਹੋ ਜਿਹਾ ਫਲ ਚਖਦਾ ਹੈ।

(ਤੋਤਾ) ਪਰਾਏ ਵਸ ਵਿਚ ਪੈ ਕੇ ਜੈਸੀ ਜੈਸੀ ਸੰਗਤ ਵਿਚ ਮਿਲਦਾ ਹੈ, ਉਪਦੇਸ਼ ਸੁਣ ਕੇ ਉਸੇ ਉਸੇ ਤਰ੍ਹਾਂ ਦੀ ਬੋਲੀ ਬੋਲਦਾ ਹੈ।

ਤਿਵੇਂ ਮਨ ਦਾ ਸੁਭਾਵ ਵੀ, ਪਾਣੀ ਦੇ ਸੁਭਾਵ ਵਾਂਗ ਚੰਚਲ ਤੇ ਨਾ ਟਿਕਣ ਵਾਲਾ ਹੈ, ਜਿਸ ਜਿਸ ਤਰ੍ਹਾਂ ਦੇ ਰੰਗ ਵਿਚ ਮਿਲਦਾ ਹੈ, ਓਹੋ ਜਿਹਾ ਰੰਗ ਬਣਾ ਲੈਂਦਾ ਹੈ।

ਜਿਵੇਂ ਨੀਚ ਤੇ ਦੁਸ਼ਟ ਪੁਰਸ਼ ਅੰਤ ਸਮੇਂ ਸ਼ਰਾਬ ਦੀ ਅਭਿਲਾਖਾ ਕਰਦਾ ਹੈ, ਇਉਂ ਹੀ (ਉੱਤਮ ਪੁਰਸ਼ ਦੀ ਅੰਤ ਸਮੇਂ) ਸਾਧ ਸੰਗਤ ਰੂਪੀ ਗੰਗਾ ਵਿਚ ਮਿਲ ਕੇ ਉਤਮ ਤੇ ਭਲੇ ਪੁਰਸ਼ਾਂ ਦੇ ਮੇਲ ਦੀ ਅਭਿਲਾਖਾ ਹੁੰਦੀ ਹੈ।੧੫੫।

**ਜੈਸੇ ਜੈਸੇ ਰੰਗ ਸੰਗਿ ਮਿਲਤ ਸੇਤਾਂਬਰ ਹੁਇ,**
**ਤੈਸੋ ਤੈਸੋ ਰੰਗ, ਅੰਗ ਅੰਗ ਲਪਟਾਇ ਹੈ ॥**
**ਭਗਵਤ ਕਥਾ ਅਰਾਧਨ ਕਉ ਧਾਰਨੀਕ,**
**ਲਿਖਤ ਕ੍ਰਿਤਾਸ ਪਤ੍ਰ ਬੰਧ ਮੋਖਦਾਇ ਹੈ ॥**
**ਸੀਤ ਗ੍ਰੀਖਮਾਦਿ ਬਰਖਾ ਤ੍ਰਿਬਿਧਿ ਬਰਖ ਮੈ,**
**ਨਿਸ ਦਿਨ ਹੋਇ ਲਘੁ ਦੀਰਘ ਦਿਖਾਇ ਹੈ ॥**
**ਤੈਸੇ ਚਿਤ ਚੰਚਲ ਚਪਲ, ਪਉਨ ਗਉਨ ਗਤਿ,**
**ਸੰਗਮ ਸੁਗੰਧ ਬਿਰਗੰਧ ਪ੍ਰਗਟਾਇ ਹੈ ॥੧੫੬॥**

**ਪਦ ਅਰਥ** : ਸੇਤਾਂਬਰ–ਚਿੱਟਾ ਬਸਤਰ। ਅੰਗ ਅੰਗ–ਤਾਰ ਤਾਰ। ਭਗਵਤ ਕਥਾ–ਵਾਹਿਗੁਰੂ ਦੀ ਕਥਾ। ਧਾਰਨੀਕ–ਧਾਰਨ ਕਰਨ ਜੋਗ। ਕ੍ਰਿਤਾਸ ਪਤ੍ਰ–ਸਣ ਆਦਿ ਤੋਂ ਕੁਟ ਕੇ ਬਣਾਇਆ ਕਾਗਜ਼, ਜੋ ਅਪਵਿਤਰ ਮੰਨਿਆ ਜਾਂਦਾ ਹੈ। ਬੰਧ ਮੋਖਦਾਇ–ਬੰਧਨਾਂ ਤੋਂ ਛੁਡਾਉਣ ਵਾਲਾ। ਸੀਤ–ਸਿਆਲ। ਗ੍ਰੀਖਮਾਦਿ–ਗਰਮੀ ਦੀ ਰੁਤ ਆਦਿ। ਬਰਖਾ–ਬਰਸਾਤ ਰੁਤ। ਤ੍ਰਿਬਿਧਿ–ਤਿੰਨ ਤਰ੍ਹਾਂ ਦੀ। ਬਰਖ–ਵਰ੍ਹਾ, ਸਾਲ। ਨਿਸ–ਰਾਤ। ਲਘੁ–ਛੋਟਾ। ਦੀਰਘ–ਵਡਾ। ਚਪਲ–ਸਥਿਰ ਨਾ ਰਹਿਣ ਵਾਲਾ। ਪਉਨ ਗਉਨ ਗਤਿ–ਪੌਣ ਦੀ ਚਾਲ ਵਾਂਗ। ਸੰਗਮ–ਮੇਲ। ਬਿਰਗੰਧ–ਦੁਰਗੰਧ।

**ਅਰਥ** : ਚਿੱਟਾ ਬਸਤਰ ਜਿਸ ਜਿਸ ਰੰਗ ਨਾਲ ਮਿਲਦਾ ਹੈ, ਓਹੋ ਓਹੋ ਰੰਗ ਉਸ ਦੀ ਤਾਰ ਤਾਰ ਨੂੰ ਲਗ ਜਾਂਦਾ ਹੈ।

(ਅਪਵਿਤਰ ਮੰਨੇ ਜਾਣ ਵਾਲੇ) ਕਿਰਤਾਸ ਦੇ ਕਾਗਜ਼ ਉਤੇ ਅਰਾਧਣ ਜੋਗ ਭਗਵੰਤ (ਵਾਹਿਗੁਰੂ) ਦੇ ਧਾਰਨ ਕਰਨ ਵਾਲੀ ਕਥਾ ਲਿਖੀ ਜਾਏ ਤਾਂ ਓਹੋ ਕਾਗਜ਼ ਬੰਧਨਾਂ ਤੋਂ ਮੁਕਤ ਕਰਾਉਣ ਦਾ ਕਾਰਨ ਬਣਦਾ ਹੈ।

ਸਾਲ ਵਿਚ ਸਿਆਲ, ਹੁਨਾਲ ਤੇ ਬਰਖਾ ਤਿੰਨ ਤਰ੍ਹਾਂ ਦੀਆਂ ਰੁਤਾਂ ਦੇ ਕਾਰਨ ਰਾਤਾਂ ਤੇ ਦਿਨ ਛੋਟੇ ਵਡੇ (ਅਤੇ ਠੰਡੇ ਗਰਮ) ਹੁੰਦੇ ਦਿਸਦੇ ਹਨ। (ਭਾਵ, ਰੁਤਾਂ ਦੀ ਸੰਗਤ ਦੇ ਕਾਰਨ ਰਾਤਾਂ ਤੇ ਦਿਨਾਂ ਦੇ ਰੂਪ ਬਦਲਦੇ ਰਹਿੰਦੇ ਹਨ, ਵਡੇ ਛੋਟੇ ਹੁੰਦੇ ਰਹਿੰਦੇ ਹਨ)।

ਜਿਵੇਂ ਸੁਗੰਧਤ ਤੇ ਦੁਰਗੰਧਤ ਥਾਵਾਂ ਤੇ ਜਾ ਕੇ ਮਿਲਣ ਨਾਲ ਵਾਯੂ, ਓਸੇ ਤਰ੍ਹਾਂ ਦੀ ਚੰਗੀ ਮੰਦੀ ਵਾਸ਼ਨਾ ਖਿਲਾਰਦੀ ਹੈ, ਇਸੇ ਤਰ੍ਹਾਂ ਹਵਾ ਦੇ ਵੇਗ ਵਾਂਗ ਚੰਚਲ ਤੇ ਥਿਰ ਨਾ ਰਹਿਣ ਵਾਲਾ ਮਨ ਹੈ, ਜੋ ਜਿਹੇ ਜਿਹੀ ਸੰਗਤ ਵਿਚ ਮਿਲਦਾ ਹੈ, ਓਹੋ ਜਿਹੇ ਚੰਗੇ ਮੰਦੇ ਸੰਸਕਾਰ ਧਾਰ ਲੈਂਦਾ ਹੈ।੧੫੬।



www.AKJ.Org

ਚਤੁਰ ਪਹਰ ਦਿਨ, ਜਗਤ ਚਤੁਰ ਜੁਗ,
ਨਿਸ ਮਹਾ ਪਰਲੈ ਸਮਾਨਿ, ਦਿਨ ਪ੍ਰਤਿ ਹੈ ॥
ਉਤਮ ਮਧਿਮ ਨੀਚ ਤ੍ਰਿਗੁਣ ਸੰਸਾਰ ਗਤਿ,
ਲੋਗ ਬੇਦ ਗਿਆਨ ਉਨਮਾਨ ਆਸਕਤਿ ਹੈ ॥
ਰਜ ਤਮ ਸਤ ਗੁਨ ਅਉਗਨ ਸਿਮ੍ਰਤ ਚਿਤਿ,
ਤ੍ਰਿਗੁਨ ਅਤੀਤ ਬਿਰਲੋ ਈ ਗੁਰਮਤਿ ਹੈ ॥
ਚਤੁਰ ਬਰਨ ਸਾਰ ਚਉਪਰ ਕੋ ਖੇਲੁ ਜਗੁ,
ਸਾਧ ਸੰਗਿ ਜੁਗਲ ਹੁਇ ਜੀਵਨ ਮੁਕਤਿ ਹੈ ॥੧੫੭॥

**ਪਦ ਅਰਥ** : ਚਤੁਰ–ਚਾਰ। ਨਿਸ–ਰਾਤ। ਦਿਨ ਪ੍ਰਤਿ–ਨਿਤਾਪ੍ਰਤ, ਹਰ ਰੋਜ਼। ਤ੍ਰਿਗੁਣ ਸੰਸਾਰ—ਤਿੰਨਾਂ ਗੁਣਾਂ ਵਿਚ ਵਿਚਰਨ ਵਾਲਾ ਸੰਸਾਰ। ਲੋਕ ਬੇਦ ਗਿਆਨ—ਲੋਕ ਗਿਆਨ ਤੇ ਬੇਦ ਗਿਆਨ। ਉਨਮਾਨ—ਵੀਚਾਰ। ਆਸਕਤਿ–ਉਲਝਣਾ। ਰਜ ਤਮ ਸਤ–ਰਜੋ ਤਮੋ ਸਤੋ ਤਿੰਨੇ ਗੁਣ। ਸਿਮ੍ਰਤ–ਚਿਤਾਰਨਾ। ਅਤੀਤ–ਤਿਆਗੀ, ਮੁਕਤ। ਗੁਰਮਤਿ–ਗੁਰਮਤੀ, ਗੁਰਮਤਿ ਧਾਰਨੀ ਗੁਰਮੁਖ। ਬਰਨ–ਰੰਗ, ਵਰਨ। ਸਾਰ–ਨਰਦ। ਚਉਪਰ–ਚੋਪੜ, ਗੋਟ। ਜੁਗਲ–ਜੋਟਾ।

(**ਨੋਟ** : ਚੋਪੜ ਚਾਰ ਪਲਿਆਂ ਵਾਲੀ ਖੇਡ ਹੈ। ਖੇਡ ਦੇ ਚੌਖ਼ਾਨਿਆਂ ਵਿਚ ਵਖ-ਵਖ ਰੰਗਾਂ ਦੀਆਂ ਨਰਦਾਂ ਇਕ ਦੂਜੀ ਦਾ ਪਿੱਛਾ ਕਰਦੀਆਂ ਹਨ। ਦੋ ਨਰਦਾਂ ਇਕੋ ਖ਼ਾਨੇ ਵਿਚ ਇਕੱਠੀਆਂ ਹੋਣ 'ਤੇ ਉਹ ਪੁਗ ਜਾਂਦੀਆਂ ਹਨ। ਚੋਪੜ ਵਾਂਗ ਸੰਸਾਰ ਦੀ ਖੇਡ ਹੈ।)

**ਅਰਥ** : ਚਾਰ ਜੁਗਾਂ ਵਾਲੇ ਸੰਸਾਰ ਦੇ ਦਿਨ ਦੇ ਚਾਰ ਪਹਿਰ (ਜਗਤ ਲਈ ਜੀਵਨ) ਅਤੇ ਰਾਤ ਦੇ ਚਾਰ ਪਹਿਰ ਮਹਾਂ ਪਰਲੋ ਸਮਾਨ ਸਮਝੋ, ਇਹ ਖੇਡ ਨਿਤਾਪ੍ਰਤ ਖੇਡੀ ਜਾ ਰਹੀ ਹੈ। (ਭਾਵ, ਦਿਨ ਰਾਤ ਜਗਤ ਰੂਪੀ ਚੌਪੜ-ਖੇਡ ਦੇ ਚਾਰੇ ਪਲੇ ਵਿਛੇ ਹੋਏ ਹਨ)।

(ਚੋਪੜ ਦੀਆਂ ਗੋਟਾਂ ਵਾਂਗ) ਤ੍ਰਿਗੁਣੀ ਸੰਸਾਰ ਦੀ ਗਤੀ ਉਤਮ (ਸਤੋ ਗੁਣੀ), ਮਧਿਮ (ਰਜੋ ਗੁਣੀ) ਅਤੇ ਨੀਚ (ਤਮੋ ਗੁਣੀ) ਹੈ। (ਇਨ੍ਹਾਂ ਤਿੰਨਾਂ ਤਰ੍ਹਾਂ ਦੇ ਗੁਣਾਂ ਵਿਚ ਵਿਚਰਨ ਵਾਲੇ ਸੰਸਾਰੀ ਜੀਵ) ਲੋਕ-ਗਿਆਨ ਅਤੇ ਵੇਦ-ਗਿਆਨ ਦੀ ਵੀਚਾਰ ਵਿਚ ਉਲਝੇ ਪਏ ਹਨ।

ਕੋਈ ਵਿਰਲਾ ਹੀ ਗੁਰਮਤਿ (ਗੁਰ-ਦੀਖਿਆ) ਦਾ ਧਾਰਨੀ ਗੁਰਮੁਖ ਜਨ ਇਨ੍ਹਾਂ ਰਜੋ, ਤਮੋ, ਸਤੋ (ਤਿੰਨਾਂ) ਗੁਣਾਂ ਨੂੰ ਮਨ ਵਿਚ ਔਗੁਣ ਚਿਤਾਰ ਕੇ (ਇਨ੍ਹਾਂ ਤੋਂ) ਖ਼ਲਾਸੀ ਪਾਂਦਾ ਹੈ।

ਇਹ ਜਗਤ ਚਾਰ ਰੰਗਾਂ ਵਾਲੀਆਂ ਨਰਦਾਂ ਦੀ ਖੇਡ ਹੈ। ਚੋਪੜ ਦੀ ਖੇਡ ਵਿਚ ਦੋ ਨਰਦਾਂ ਦੇ ਇਕੱਠੇ ਹੋਣ ਵਾਂਗ, ਸਾਧ ਸੰਗਤਿ ਨਾਲ ਮਿਲ ਕੇ ਜੀਵਨ-ਮੁਕਤ ਹੋ ਜਾਈਦਾ ਹੈ।੧੫੭।

ਜੈਸੇ ਰੰਗ ਸੰਗਿ ਮਿਲਤ ਸਲਿਲ, ਮਿਲਿ
ਹੋਇ ਤੈਸੋ, ਤੈਸੋ ਰੰਗ ਜਗਤ ਮੈ ਜਾਨੀਐ ॥
ਚੰਦਨ ਸੁਗੰਧ ਮਿਲਿ ਪਵਨ ਸੁਗੰਧ, ਸੰਗਿ
ਮਲ ਮੂਤ੍ਰ ਸੂਤ੍ਰ ਬ੍ਰਿਗੰਧ ਉਨਮਾਨੀਐ ॥
ਜੈਸੇ ਜੈਸੇ ਪਾਕ ਸਾਕ ਬਿੰਜਨ ਮਿਲਤ ਨਿਤ,
ਤੈਸੋ ਤੈਸੋ ਸ੍ਵਾਦ ਰਸ ਰਸਨਾ ਕੈ ਮਾਨੀਐ ॥
ਤੈਸੇ ਹੀ ਅਸਾਧ ਸਾਧ ਸੰਗਤਿ ਸੁਭਾਵ ਗਤਿ,
ਮੂਰੀ ਅਉ ਤੰਬੋਲ ਰਸ ਖਾਏ ਤੇ ਪਹਿਚਾਨੀਐ ॥੧੫੮॥

[ਬਾਕੀ ਸਫਾ ੨੧ ਹੇਠ]



www.AKJ.Org

# ਮੂਲ ਮੰਤਰ ਦਾ ਵਿਕਾਸ ਤੇ ਤਬਦੀਲੀ ?

[ਡਾ: ਵਿਕਰਮ ਸਿੰਘ, ਗੁਰਮਤਿ ਕਾਲਜ, ਪਟਿਆਲਾ]

ਨੋਟ : ਡਾ: ਪਿਆਰ ਸਿੰਘ ਵਲੋਂ ਆਪਣੀ ਪੁਸਤਕ "ਗਾਥਾ ਸ੍ਰੀ ਆਦਿ ਗ੍ਰੰਥ" ਦੀ ਵਕਾਲਤ ਕਰਦਿਆਂ 'ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਂ ਖੁਲ੍ਹੀ ਚਿੱਠੀ' ਜੋ ਲਿਖੀ ਗਈ ਹੈ, ਉਸ ਬਾਰੇ ਡਾ: ਵਿਕਰਮ ਸਿੰਘ ਨੇ ਬਹੁਤ ਖੋਜ-ਪੜਤਾਲ ਕੇ ਆਪਣੇ ਵਿਚਾਰ ਇਕ ਵਿਸਥਾਰ ਸਹਿਤ ਲੇਖ ਵਿਚ ਸਾਨੂੰ ਭੇਜੇ ਹਨ। 'ਗਾਥਾ ਸ੍ਰੀ ਆਦਿ ਗ੍ਰੰਥ' ਵਿਚ ਦਸੇ ਵਿਚਾਰਾਂ ਦੀ ਅਸਲੀਅਤ ਪਾਠਕਾਂ ਦੇ ਸਾਹਮਣੇ ਲਿਆਉਣ ਲਈ ਇਸ ਲੇਖ ਦਾ ਕੁਝ ਹਿੱਸਾ ਹੇਠਾਂ ਦਿਤਾ ਜਾ ਰਿਹਾ ਹੈ। —ਸੰਪਾਦਕ

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥ (ਪੰਨਾ ੪੭੪)

ਡਾ: ਪਿਆਰ ਸਿੰਘ ਆਪਣੀ ਪੁਸਤਕ "ਗਾਥਾ ਸ੍ਰੀ ਆਦਿ ਗ੍ਰੰਥ" ਵਿਚ ਗੁਰਮਤਿ ਦੇ ਮੂਲ ਮੰਤਰ ਵਿਚ ਤਬਦੀਲੀ ਤੇ ਵਿਕਾਸ ਦੀ ਗੱਲ ਕਰਦੇ ਹਨ। ਇਹ ਤਬਦੀਲੀ ਤੇ ਵਿਕਾਸ ਦੀ ਗੱਲ ਤਾਂ ਉਹਨਾਂ ਲਿਖ ਦਿਤੀ, ਪਰ ਉਹਨਾਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਇਸ ਤਰ੍ਹਾਂ ਉਹਨਾਂ ਨੇ ਗੁਰਮਤਿ ਦੇ ਨੀਂਹ-ਪੱਥਰ ਉਪਰ ਹੀ ਸ਼ੰਕਾ ਪੈਦਾ ਕਰ ਕੇ ਸਾਰੇ ਸਿਖ-ਜਗਤ ਦੇ ਧਾਰਮਿਕ ਵਿਸ਼ਵਾਸਾਂ ਵਿਚ ਤ੍ਰੇੜ ਪਾਉਣ ਦਾ ਸਿੱਧਾ ਯਤਨ ਕੀਤਾ ਹੈ। ਸੋ ਇਹ ਕੋਈ ਤੁਛ ਤੇ ਬੇਅਰਥ ਮਸਲਾ ਨਹੀਂ ਹੈ, ਜਿਸਨੂੰ ਅਣਗੌਲਿਆ ਕੀਤਾ ਜਾ ਸਕੇ। ਮੂਲ ਮੰਤਰ ਗੁਰਮਤਿ ਦਾ ਮੁਢਲਾ ਤੇ ਮੂਲ ਤੱਤ ਹੈ, ਗੁਰਸਿੱਖੀ ਦਾ ਮੁਖ ਧੁਰਾ ਹੈ, ਗੁਰਸਿਖ ਦੇ ਜੀਵਨ ਦਾ ਆਧਾਰ ਹੈ, ਕਿਉਂਕਿ ਉਹ ਆਪਣੇ ਗੁਰਸਿੱਖੀ ਜੀਵਨ ਵਿਚ ਮੂਲ ਮੰਤਰ ਦਾ ਮਨ ਕਰਕੇ ਸਿਮਰਨ ਕਰਦਾ ਹੈ ਤੇ ਪ੍ਰਵਾਨ ਹੁੰਦਾ ਹੈ। ਭਾਈ ਗੁਰਦਾਸ ਜੀ ਦਾ ਇਸ ਸੰਬੰਧ ਵਿਚ ਕਥਨ ਹੈ :

ਸਤਿਗੁਰੁ ਸਤਿ ਸਰੂਪੁ ਧਿਆਨ ਮੂਲੁ ਗੁਰ ਮੂਰਤਿ ਜਾਣੈ।
ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣ ਪਰਵਾਣੈ। [ਵਾਰ ੬, ਪਉੜੀ ੧੯]

ਡਾ: ਪਿਆਰ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਨਾਂ ਇਕ 'ਖੁਲ੍ਹੀ ਚਿੱਠੀ' (ਮਾਰਚ ੧੭, ੧੯੯੪) ਵਿਚ ਦਸਿਆ ਹੈ ਕਿ .

'ਪੁਸਤਕ ਗਾਥਾ ਸ੍ਰੀ ਆਦਿ ਗ੍ਰੰਥ' ਲਈ ਖੋਜ ਕਰਦਿਆਂ ਮੈਨੂੰ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਮੂਲਮੰਤ੍ਰ ਦਾ ਇਹ ਸਰੂਪ ਮਿਲਿਆ ਸੀ :

"੧ਓ ਸਚੁ ਨਾਮੁ ਕਰਤਾਰੁ ਨਿਰਭਉ ਨਿਰੀਕਾਰ ਅਕਾਲ ਮੂਰਤਿ ਅਜੂਨੀ ਸੰਭਉ ਗੁਰ ਪਰਸਾਦ ॥"

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਮੂਲ ਮੰਤ੍ਰ ਦਾ ਸਰੂਪ ਉਪਰ ਲਿਖੇ ਵਰਗਾ ਨਹੀਂ ਮਿਲਦਾ ਜਿਵੇਂ ਕਿ ਡਾ: ਸਾਹਿਬ ਨੇ ਬਿਆਨ ਕੀਤਾ ਹੈ। ਉਹਨਾਂ ਨੇ ਤੱਥ ਨੂੰ ਉਸੇ ਤਰ੍ਹਾਂ ਪੇਸ਼ ਨਹੀਂ ਕੀਤਾ ਜਿਵੇਂ ਉਹਨਾਂ ਨੂੰ ਪੋਥੀਆਂ ਵਿਚ ਮਿਲਦਾ ਹੈ। ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਮੰਗਲਾਚਰਣ ਦੇ ਜੋ ਕਈ ਤਰ੍ਹਾਂ ਦੇ ਵਖਰੇ ਵਖਰੇ ਸਰੂਪ ਲਿਖੇ ਮਿਲਦੇ ਹਨ, ਉਹ ਆਪਸ ਵਿਚ ਮੇਲ ਨਹੀਂ ਖਾਂਦੇ। ਪਰ ਉਪਰ ਵਰਗਾ ਸਰੂਪ ਇਹਨਾਂ ਪੋਥੀਆਂ ਵਿਚ ਕਿਤੇ ਵੀ ਨਹੀਂ ਮਿਲਦਾ। ਇਸ ਤਰ੍ਹਾਂ ਡਾ: ਸਾਹਿਬ ਨੇ ਆਪਣੀ 'ਖੁਲ੍ਹੀ ਚਿੱਠੀ' ਵਿਚ ਗ਼ਲਤ ਤੱਥ ਪੇਸ਼ ਕਰ ਕੇ ਸਿੱਖ ਜਗਤ ਤੇ ਵਿਦਵਾਨਾਂ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਪੋਥੀਆਂ ਵਿਚ ਮੰਗਲਾਚਰਣ ਦੇ ਰੂਪ ਵਿਚ ਦਿਤੇ ਗਏ ਮੂਲ ਮੰਤਰ ਦੇ ਜਿਹੋ ਜਿਹੇ ਸਰੂਪ ਹਨ ਉਹ ਹੇਠਾਂ ਲਿਖੇ ਜਾ ਰਹੇ ਹਨ :



www.AKJ.Org

(੧) ੧ੴ ਸਤਿਗੁਰੂ ਪਰਸਾਦੁ ॥
ਸਚੁ ਨਾਮੁ ਕਰਤਾਰੁ ਅਕਾਲ ਮੂਰਤਿ ਅਜੂਨੀ ਸੰਭਉ ਗੁਰੂ ਪੂਰੇ ਕੇ ਪਰਸਾਦੁ ॥
[ਮੂਲ ਮੰਤਰ ਦਾ ਸਰੂਪ ਗੋਇੰਦਵਾਲ ਵਾਲੀ ਪੋਥੀ ਵਿਚੋਂ, ਜੋ ਇਸ ਸਮੇਂ ਪਿੰਜੌਰ ਹੈ]

(੨)
੧ੴ ਸਤਿਗੁਰ ਪ੍ਰਸਾਦਿ
ਨਾਮੁ ਕਰਤਾਰੁ ਨਿਰਭਉ ਨਿਰੀਕਾਰ ਅਜੂਨੀ ਸਭਉ ॥੧॥
[ਮੂਲ ਮੰਤਰ ਦਾ ਸਰੂਪ ਗੋਇੰਦਵਾਲ ਵਾਲੀ ਪੋਥੀ ਵਿਚੋਂ, ਜੋ ਇਸ ਸਮੇਂ ਜਲੰਧਰ ਹੈ]

(੩)
੧ੴ ਸਤਿਗੁਰੂ ਪਰਸਾਦੁ
ਸਚੁ ਨਾਮੁ ਕਰਤਾਰੁ ਨਿਰਭਉ ਨਿਰੀਕਾਰੁ ਅਕਾਲ ਮੂਰਤਿ ਅਜੂਨੀ ਸਭਉ ਗੁਰ ਪਰਸਾਦ ॥
[ਮੂਲ ਮੰਤਰ ਦਾ ਸਰੂਪ ਗੋਇੰਦਵਾਲ ਵਾਲੀ ਪੋਥੀ ਵਿਚੋਂ, ਜੋ ਇਸ ਸਮੇਂ ਜਲੰਧਰ ਹੈ]

ਡਾ: ਪਿਆਰ ਸਿੰਘ ਦਾ ਮਤ ਹੈ ਕਿ ਮੌਜੂਦਾ ਮੂਲ ਮੰਤਰ "੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ" ਇਸ ਦੇ ਪਹਿਲੇ ਚਲਦੇ ਉਪਰ ਦਸੇ ਸਰੂਪ ਤੋਂ ਵਿਕਾਸ ਕਰਕੇ ਬਣਿਆ ਹੈ। ਪੰਚਮ ਪਾਤਸ਼ਾਹ ਨੇ ਇਹਨਾਂ ਪਹਿਲੇ ਪ੍ਰਚਲਤ ਸਰੂਪਾਂ ਵਿਚ ਤਬਦੀਲੀ ਕਰ ਕੇ ਇਹ ਹੁਣ ਵਾਲਾ ਮੂਲ ਮੰਤਰ ਚਲਾਇਆ ਹੈ। ਉਹ ਲਿਖਦੇ ਹਨ :

> "ਬਾਬਾ ਮੋਹਨ ਵਾਲੀਆਂ ਪੋਥੀਆਂ" [ਗੋਇੰਦਵਾਲ ਵਾਲੀਆਂ ਪੋਥੀਆਂ] ਵਿਚ ਮੂਲਮੰਤ੍ਰ ਰੂਪ ਵਿਚ ਆਇਆ ਮੰਗਲ, ਮੂਲਮੰਤ੍ਰ ਦੇ ਵਿਕਾਸ ਦੀ ਕਹਾਣੀ ਵੀ ਕਰਦਾ ਹੈ।.... ਸਮਾਂ ਪਾ ਕੇ, 'ਸਚੁ' ਦੀ ਥਾਂ 'ਸਤਿ', 'ਕਰਤਾਰੁ' ਦੀ ਥਾਂ 'ਕਰਤਾਪੁਰਖੁ', 'ਨਿਰੀਕਾਰੁ' ਦੀ ਥਾਂ 'ਨਿਰਵੈਰੁ' ਤੇ 'ਸੰਭਉ' ਦੀ ਥਾਂ 'ਸੈਭੰ' ਨੇ ਲੈ ਲਈ। [ਗਾਥਾ ਸ੍ਰੀ ਆਦਿ ਗ੍ਰੰਥ, ਪੰਨਾ ੪੧੮]

ਇਸ ਨੁਕਤੇ ਤੇ ਤਣਾਉ ਬਣ ਜਾਂਦਾ ਹੈ। ਡਾ: ਸਾਹਿਬ ਕਹਿੰਦੇ ਹਨ ਕਿ ਮੂਲ ਮੰਤਰ ਵਿਚ ਵਿਕਾਸ ਹੋਇਆ ਤੇ ਇਸ ਵਿਚ ਤਬਦੀਲੀ ਪੰਜਵੇਂ ਗੁਰੂ ਅਰਜੁਨ ਦੇਵ ਜੀ ਨੇ ਕੀਤੀ, ਪਰ ਸਿੱਖ-ਜਗਤ ਦਾ ਵਿਸ਼ਵਾਸ ਇਹ ਹੈ ਕਿ ਮੂਲ-ਮੰਤਰ ਦਾ ਮੌਜੂਦਾ ਸਰੂਪ ਪੰਜਵੇਂ ਸਤਿਗੁਰੂ ਤੋਂ ਪਹਿਲਾਂ ਦਾ ਚਲਿਆ ਆ ਰਿਹਾ ਹੈ ਅਤੇ ਇਹ ਗੁਰੂ ਨਾਨਕ ਸਾਹਿਬ ਤੇ ਗੁਰੂ ਅੰਗਦ ਵੇਲੇ ਵੀ ਇਸੇ ਤਰ੍ਹਾਂ ਸੀ, ਸੋ ਇਸ ਵਿਚ ਤਬਦੀਲੀ ਨਹੀਂ ਹੋਈ।

ਡਾ: ਪਿਆਰ ਸਿੰਘ ਇਕ ਹੋਰ ਗੱਲ ਸਾਡੇ ਧਿਆਨ ਵਿਚ ਲਿਆਉਂਦੇ ਹਨ ਕਿ ਬਾਬਾ ਮੋਹਨ ਦੀਆਂ ਪੋਥੀਆਂ ਵਿਚ ਮਿਲਣ ਵਾਲੇ ਮੂਲ-ਮੰਤਰ ਦੇ ਸਰੂਪ ਹੋਰ ਕਿਤੇ ਵੀ ਨਹੀਂ ਮਿਲਦੇ :

> "ਹੋਰ ਕਿਸੇ ਪ੍ਰਾਚੀਨ ਪੋਥੀ ਜਾਂ ਬੀੜ ਵਿਚ ਸਾਨੂੰ ਇਸ ਪਾਠ ਵਾਲਾ ਮੂਲ-ਮੰਤ੍ਰ ਨਹੀਂ ਮਿਲਿਆ।"
> [ਗਾਥਾ ਸ੍ਰੀ ਆਦਿ ਗ੍ਰੰਥ, ਪੰਨਾ ੪੧੮]

ਸੋ ਮੂਲ-ਮੰਤਰ ਦੇ ਉਪਰ ਦਸੇ ਰੂਪ ਕਿਸੇ ਹੋਰ ਪ੍ਰਾਚੀਨ ਪੋਥੀ ਜਾਂ ਬੀੜ ਵਿਚ ਨਾ ਮਿਲਣ ਕਰਕੇ ਇਹ ਕੇਵਲ ਬਾਬਾ ਮੋਹਨ ਦੀਆਂ ਪੋਥੀਆਂ ਦੇ ਹੀ ਵਿਸ਼ੇਸ਼ ਲੱਛਣ ਬਣ ਜਾਂਦੇ ਹਨ। ਮੂਲ-ਮੰਤਰ ਦੇ ਇਹਨਾਂ ਵਖ ਵਖ ਸਰੂਪਾਂ ਵਿਚੋਂ ਮਿਆਰੀ ਜਾਂ ਸੰਪੂਰਨ ਸਰੂਪ ਵਾਲਾ ਮੂਲ-ਮੰਤਰ ਉਦੋਂ ਕਿਹੜਾ ਮੰਨਿਆ ਜਾਂਦਾ ਸੀ, ਇਸ ਬਾਰੇ ਨਿਸਚਿਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਹ ਤੱਥ ਹੈ ਕਿ ਇਹਨਾਂ ਵਿਚੋਂ ਕਿਸੇ ਨੂੰ ਵੀ ਸ੍ਰੀ ਆਦਿ ਗ੍ਰੰਥ ਵਿਚ ਕੋਈ ਸਥਾਨ ਨਹੀਂ ਦਿਤਾ ਗਿਆ। ਜੇਕਰ ਇਹ ਸਾਰੇ ਜਾਂ ਇਹਨਾਂ ਵਿਚੋਂ ਕੋਈ ਇਕ ਮੁਢ ਤੋਂ ਮਿਆਰੀ ਮੂਲ-ਮੰਤਰ ਹੁੰਦਾ ਤਾਂ ਉਹ ਜ਼ਰੂਰ ਹੀ ਕਿਸੇ ਹੋਰ ਪ੍ਰਾਚੀਨ ਪੋਥੀ ਜਾਂ ਸ੍ਰੀ ਆਦਿ ਗ੍ਰੰਥ ਵਿਚ ਲਿਖਿਆ ਹੋਇਆ ਮਿਲ ਜਾਂਦਾ। ਪਰ ਅਜਿਹਾ ਨਾ ਹੋਣ ਕਰਕੇ ਇਹਨਾਂ ਵਿਚੋਂ ਕਿਸੇ ਇਕ ਨੂੰ ਵੀ ਅਸਲੀ ਮੂਲ-ਮੰਤਰ ਨਹੀਂ ਕਿਹਾ ਜਾ


www.AKJ.Org

ਸਕਦਾ, ਜੋ ਸ਼ੁਰੂ ਤੋਂ, ਗੁਰੂ ਨਾਨਕ ਦੇਵ ਜੀ ਤੋਂ ਚਲਿਆ ਆ ਰਿਹਾ ਹੋਵੇ। ਇਹਨਾਂ ਮੂਲ-ਮੰਤਰਾਂ ਦਾ ਆਪਸ ਵਿਚ ਨਾ ਮਿਲਣਾ ਤੇ ਅਲਗ ਅਲਗ ਰੂਪਾਂ ਵਿਚ ਹੋਣ ਤੋਂ ਇਹ ਸੰਕੇਤ ਹੁੰਦਾ ਹੈ ਕਿ ਬਾਬਾ ਮੋਹਨ ਦੀਆਂ ਪੋਥੀਆਂ ਵਾਲੇ ਮੂਲ ਮੰਤਰ ਦੇ ਸਰੂਪ, ਉਸ ਅਸਲੀ ਮੁਢਲੇ ਤੇ ਮਿਆਰੀ ਮੂਲ ਮੰਤਰ ਤੋਂ ਵਿਚਲਿਤ ਹੋਏ ਤੇ ਅਸਲੀਅਤ ਤੋਂ ਹਟੇ ਹੋਏ ਹਨ। ਸਿਖ ਰਵਾਇਤ ਤੇ ਲਿਖਤਾਂ ਦੇ ਆਧਾਰ ਉਤੇ ਗੁਰੂ ਨਾਨਕ ਦੇਵ ਜੀ ਨੇ ਜੋ ਮੂਲ ਮੰਤਰ ਦਾ ਸਰੂਪ ਸਾਨੂੰ ਬਖਸ਼ਿਆ ਹੈ ਉਹ ਹੇਠਾਂ ਲਿਖਿਆ ਜਾਂਦਾ ਹੈ ਅਤੇ ਇਹੋ ਹੀ ਅਸਲੀ ਤੇ ਮਿਆਰੀ ਹੈ। ਇਹੋ ਹੀ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਮਿਲਦਾ ਹੈ :

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ਇਥੇ ਲਗਦਾ ਹੈ ਡਾ: ਸਾਹਿਬ ਮੂਲ ਮੰਤਰ ਦੇ ਵਿਸ਼ੇ ਸੰਬੰਧੀ ਦੋ ਉਕਾਈਆਂ ਕਰ ਗਏ ਹਨ, ਜੋ ਉਹਨਾਂ ਵਲੋਂ ਦਿਤੇ ਵੇਰਵਿਆਂ ਵਿਚੋਂ ਸਪੱਸ਼ਟ ਹੁੰਦੀਆਂ ਹਨ। ਉਹ ਇਸ ਤਰ੍ਹਾਂ ਹਨ :

੧. ਬਾਬਾ ਮੋਹਨ ਪੋਥੀਆਂ ਵਾਲੇ ਮੂਲ ਮੰਤਰ ਦੇ ਸਰੂਪ ਪਹਿਲੇ ਤੇ ਅਸਲੀ ਸਰੂਪ ਹਨ। "ਪੋਥੀਆਂ ਵਿਚ ਮੂਲ ਮੰਤ੍ਰ ਰੂਪ ਵਿਚ ਆਇਆ ਮੰਗਲ, ਮੂਲਮੰਤ੍ਰ ਦੇ ਵਿਕਾਸ ਦੀ ਕਹਾਣੀ ਵੀ ਕਰਦਾ ਹੈ।" (ਪੰਨਾ ੪੧੮)

੨. ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਮੋਹਨ ਪੋਥੀਆਂ ਵਿਚ ਮਿਲਦੇ ਮੂਲ ਮੰਤਰ ਦੇ ਸਰੂਪਾਂ ਵਿਚ ਤਬਦੀਲੀ ਕਰ ਕੇ ਹੁਣ ਵਾਲਾ ਪ੍ਰਚਲਤ ਮੂਲ ਮੰਤਰ ਬਣਾ ਦਿਤਾ। ਇਹ ਮੂਲ ਮੰਤਰ ਇਸ ਰੂਪ ਵਿਚ ਪਹਿਲਾਂ ਨਹੀਂ ਸੀ, ਇਹ ਪੰਜਵੇਂ ਗੁਰੂ ਜੀ ਦੀ ਦੇਣ ਹੈ।

ਡਾ: ਸਾਹਿਬ ਦੀਆਂ ਉਪਰ ਲਿਖੀਆਂ ਦੋਵੇਂ ਧਾਰਨਾਵਾਂ ਠੀਕ ਨਹੀਂ ਹਨ, ਕਿਉਂਕਿ ਇਹ ਸਿਖ ਰਵਾਇਤ ਤੇ ਲਿਖਤਾਂ ਦੇ ਅਨੁਕੂਲ ਨਹੀਂ ਹਨ। ਸਿਖ-ਜਗਤ ਇਹ ਮੰਨਦਾ ਹੈ ਕਿ ਇਹ ਮੌਜੂਦਾ ਮੂਲ ਮੰਤਰ ਗੁਰੂ ਨਾਨਕ ਦੇਵ ਜੀ ਤੋਂ ਚਲਿਆ ਆ ਰਿਹਾ ਹੈ। ਸੋ ਇਸ ਵਿਚ ਤਬਦੀਲੀ ਨਹੀਂ ਹੋਈ। ਜੇਕਰ ਪੰਚਮ ਪਾਤਸ਼ਾਹ ਨੇ ਅਜਿਹੀ ਕੋਈ ਤਬਦੀਲੀ ਕੀਤੀ ਹੁੰਦੀ ਤਾਂ ਜ਼ਰੂਰੀ ਤੌਰ ਤੇ ਇਹ ਸਿਖ ਇਤਿਹਾਸ ਤੇ ਰਵਾਇਤ ਵਿਚ ਕਿਤੇ ਸੰਕੇਤ ਕੀਤੀ ਲਿਖੀ ਹੋਈ ਮਿਲ ਜਾਂਦੀ, ਪਰ ਸਾਨੂੰ ਅਜਿਹਾ ਸੰਕੇਤ ਕਿਤੇ ਵੀ ਨਹੀਂ ਮਿਲਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਕਿਤੇ ਵੀ ਪੰਜਵੇਂ ਪਾਤਸ਼ਾਹ ਨੇ ਆਪਣੇ ਵਲੋਂ ਬਾਣੀ ਵਿਚ ਕੋਈ ਵਾਧਾ ਕੀਤਾ ਹੋਵੇ, ਉਸ ਬਾਰੇ ਉਹਨਾਂ ਵਲੋਂ ਉਥੇ ਹੀ ਸੂਚਨਾ ਨਾਲ ਦਿਤੀ ਹੋਈ ਹੈ। ਪਰ ਮੂਲ ਮੰਤਰ ਬਾਰੇ ਸਾਨੂੰ ਅਜਿਹਾ ਕੋਈ ਸੰਕੇਤ ਨਹੀਂ ਮਿਲਦਾ। ਸੋ ਇਹ ਮੂਲ ਸਰੂਪ ਵਿਚ ਹੀ ਜਿਵੇਂ ਉਹਨਾਂ ਨੂੰ ਮਿਲਿਆ, ਉਸੇ ਤਰ੍ਹਾਂ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਦੇ ਦਿਤਾ।...

ਗੁਰੂ ਅਰਜਨ ਦੇਵ ਜੀ ਨੂੰ ਸਾਰੀ ਬਾਣੀ ਸ਼ੁਧ ਸਰੂਪ ਵਿਚ ਪ੍ਰਾਪਤ ਸੀ, ਜਿਸ ਦੀ ਉਹਨਾਂ ਨੇ ਸੰਪਾਦਨਾ ਕਰਵਾ ਕੇ ਸ੍ਰੀ ਆਦਿ ਬੀੜ ਤਿਆਰ ਕਰਵਾ ਦਿਤੀ। ਸ੍ਰੀ ਆਦਿ ਬੀੜ ਵਿਚ ਮਿਲਦਾ ਬਾਣੀ ਦਾ ਸਰੂਪ ਸ਼ੁਧ ਤੇ ਮਿਆਰੀ ਹੈ। ਗੋਇੰਦਵਾਲ ਵਾਲੀਆਂ ਪੋਥੀਆਂ ਨੂੰ ਇਹ ਦਰਜਾ ਪ੍ਰਾਪਤ ਨਹੀਂ ਹੈ। ਪਰ ਡਾ: ਪਿਆਰ ਸਿੰਘ ਇਸ ਦੇ ਉਲਟ ਇਹਨਾਂ ਬਾਬਾ ਮੋਹਨ ਵਾਲੀਆਂ ਪੋਥੀਆਂ ਨੂੰ ਪ੍ਰਮਾਣਿਕ ਤੇ ਆਦਰਸ਼ ਮੰਨ ਲੈਂਦੇ ਹਨ, ਇਹਨਾਂ ਨੂੰ ਅਧਾਰ ਬਣਾ ਕੇ ਸ੍ਰੀ ਆਦਿ ਗ੍ਰੰਥ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤੀ ਬਾਣੀ ਤੇ ਮੂਲ ਮੰਤਰ ਉਤੇ ਸ਼ੰਕੇ ਉਤਪੰਨ ਕਰ ਕੇ ਇਸ ਨੂੰ ਬਦਲੇ ਹੋਏ ਕਹਿੰਦੇ ਹਨ।

ਇਸ ਤੋਂ ਉਪਰੰਤ ਲੇਖਕ ਜੀ ਨੇ 'ਸਤਿਨਾਮੁ ਕਰਤਾ ਪੁਰਖੁ' ਉਪਰ ਕਾਫ਼ੀ ਵਿਚਾਰ ਕਰ ਕੇ ਉਨ੍ਹਾਂ ਬਾਰੇ ਨਿਰਣਾ ਦੇਂਦਿਆਂ ਲਿਖਿਆ ਹੈ—

ਉਪਰ ਦਿਤੀ ਵਿਚਾਰ ਤੋਂ ਇਹ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਪੰਜਵੇਂ ਪਾਤਸ਼ਾਹ ਨੇ 'ਸਚੁ ਨਾਮੁ ਕਰਤਾਰੁ' ਵਿਚ ਤਬਦੀਲੀ ਕਰ ਕੇ 'ਸਤਿਨਾਮੁ ਕਰਤਾ ਪੁਰਖੁ' ਨਹੀਂ ਬਣਾਇਆ। ਇਹ 'ਸਤਿਨਾਮੁ ਕਰਤਾ ਪੁਰਖੁ' ਗੁਰੂ ਨਾਨਕ ਦੇਵ ਜੀ ਵਲੋਂ ਦਿਤੇ ਗਏ ਮੂਲ ਮੰਤਰ ਦਾ ਅੰਗ ਸੀ ਅਤੇ ਹੁਣ ਹੈ, ਜੋ ਉਸ ਸਮੇਂ ਤੋਂ ਚਲਿਆ ਆ ਰਿਹਾ ਹੈ।


www.AKJ.Org

**ਨਿਰੀਕਾਰੁ/ਨਿਰਵੈਰੁ–**

ਡਾ: ਪਿਆਰ ਸਿੰਘ ਦੇ ਅਨੁਸਾਰ ਪੰਚਮ ਪਾਤਸ਼ਾਹ ਨੇ ਮੂਲ ਮੰਤਰ ਵਿਚ 'ਨਿਰੀਕਾਰੁ' ਦੀ ਥਾਂ 'ਨਿਰਵੈਰੁ' ਕਰ ਦਿਤਾ। ਕੇਵਲ ਬਦਲੀ ਬਾਰੇ ਹੀ ਡਾ: ਸਾਹਿਬ ਪੰਚਮ ਪਾਤਸ਼ਾਹ ਵਲੋਂ ਬਦਲੀ ਕੀਤੇ ਜਾਣ ਦਾ ਕਾਰਨ ਵੀ ਵਿਸਥਾਰ-ਪੂਰਵਕ ਆਪਣੀ ਪੁਸਤਕ 'ਗਾਥਾ ਸ੍ਰੀ ਆਦਿ ਗ੍ਰੰਥ' (ਪੰਨਾ ੪੧੯-੨੦) ਵਿਚ ਦਸਦੇ ਹਨ। ਉਹ ਲਿਖਦੇ ਹਨ :

[੧] 'ਨਿਰੀਕਾਰੁ' (ਨਿਰ+ਆਕਾਰ); ਨਿਰੰਕਾਰ ਦਾ ਹੀ ਲੌਕਿਕ ਰੂਪ ਹੈ। ਇਸ ਦਾ ਅਰਥ 'ਆਕਾਰ-ਹੀਨ' (ਕਿਸੇ ਵੀ ਆਕਾਰ ਦੀ ਕੈਦ ਤੋਂ ਬਾਹਰ) ਅਥਵਾ 'ਨਿਰਗੁਣ ਸ੍ਵਰੂਪ-ਧਾਰੀ ਹੋਣਾ' ਹੈ। ਅਗਲੇ ਪਦ 'ਅਕਾਲ ਮੂਰਤਿ' ਤੇ 'ਅਜੂਨੀ' ਪਰਮਾਤਮਾ ਦੇ ਨਿਰਗੁਣ ਸ੍ਵਰੂਪ ਨੂੰ ਹੀ ਪ੍ਰਗਟਾਉਣ ਵਾਲੇ ਹਨ। 'ਨਿਰੀਕਾਰੁ' ਕਹਣ ਪਿਛੋਂ ਉਨ੍ਹਾਂ ਦੇ ਲਿਆਉਣ ਦੀ ਕੋਈ ਵਧੇਰੇ ਲੋੜ ਨਹੀਂ ਰਹਿ ਜਾਂਦੀ ਸੀ। ਇਸੇ ਕਾਰਣ ਸ਼ਾਇਦ ਸਤਿਗੁਰਾਂ [ਪੰਚਮ ਪਾਤਸ਼ਾਹ] ਨੇ 'ਨਿਰੀਕਾਰੁ' ਨੂੰ ਨਿਰਵੈਰ ਵਿਚ ਬਦਲ ਦਿਤਾ।" [ਗਾਥਾ ਸ੍ਰੀ ਆਦਿ ਗ੍ਰੰਥ; ਪੰਨਾ ੪੧੯]

[੨] "ਨਿਰਵੈਰੁ ਉਚੇਚੇ ਤੌਰ ਤੇ ਲਿਆਉਣ ਦੀ ਇਸ ਲਈ ਲੋੜ ਪਈ ਲਗਦੀ ਹੈ, ਕਿਉਂ ਜੋ ਮਜ਼ੁਬਾਂ ਦੇ ਇਤਿਹਾਸ ਵਿਚ ਕੁਝ ਮਜ਼ੁਬਾਂ ਦੇ ਰੱਬ ਦੂਸਰੇ ਮਜ਼ੁਬਾਂ ਦੇ ਰੱਬਾਂ ਅਤੇ ਉਨ੍ਹਾਂ ਦੇ ਨਾਮ-ਲੇਵਿਆਂ ਨਾਲ ਘਿਰਣਾ ਕਰਦੇ ਤੇ ਵੈਰ ਕਮਾਉਂਦੇ ਚਿਤ੍ਰੇ ਗਏ ਹਨ।...ਗੁਰੂ ਸਾਹਿਬ [ਪੰਚਮ ਪਾਤਸ਼ਾਹ] ਸਿੱਖ ਮਤ ਦੀ ਧਾਰਣਾ ਵਾਲੇ ਰੱਬ ਨੂੰ ਇਸ ਤੰਗਦਿਲੀ ਤੋਂ ਮੁਕਤ ਰਖਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਮੂਲਮੰਤ੍ਰ ਵਿਚ 'ਨਿਰਵੈਰੁ' ਵਾਲੇ ਗੁਣ ਨੂੰ ਬੜੇ ਉਘੜਵੇਂ ਰੂਪ ਨਾਲ ਪੇਸ਼ ਕੀਤਾ ਇਧਰ ਤਬਦੀਲੀ ਇਸੇ ਸੋਚ ਕਾਰਣ ਵਜੂਦ ਵਿਚ ਆਈ।"

[ਗਾਥਾ ਸ੍ਰੀ ਆਦਿ ਗ੍ਰੰਥ; ਪੰਨਾ ੪੧੯-੨੦]

[੩] 'ਨਿਰੀਕਾਰੁ' ਦੀ ਥਾਂ 'ਨਿਰਵੈਰੁ' ਨੂੰ ਤਰਜੀਹ ਦੇਣ ਦਾ ਇਕ ਹੋਰ ਕਾਰਣ ਸਿਖ ਸੰਗਤਾਂ ਨੂੰ ਆਚਰਨ ਦਾ ਪ੍ਰਾਪਤ ਕਰਨ ਯੋਗ ਆਦਰਸ਼ ਜੁਟਾਉਣਾ ਵੀ ਸੀ। [ਗਾਥਾ ਸ੍ਰੀ ਆਦਿ ਗ੍ਰੰਥ, ਪੰਨਾ ੪੨੦]

ਡਾ: ਸਾਹਿਬ ਨੇ ਉਪਰ ਲਿਖੇ ਤਿੰਨ ਕਾਰਣ ਆਪਣੇ ਵਲੋਂ ਬਣਾਏ ਅਤੇ ਇਹ ਗੱਲ ਸਥਾਪਨ ਕਰਨ ਦਾ ਯਤਨ ਕਰ ਰਹੇ ਹਨ ਕਿ ਇਸ ਕਰਕੇ ਪੰਚਮ ਪਾਤਸ਼ਾਹ ਨੇ 'ਨਿਰੀਕਾਰੁ' ਦੀ ਥਾਂ 'ਨਿਰਵੈਰੁ' ਪਦ ਬਦਲਿਆ। ਇਕ ਗੱਲ ਹੋਰ ਨੋਟ ਕਰਨ ਵਾਲੀ ਹੈ ਜੋ ਇਥੇ ਉਘੜ ਕੇ ਸਾਹਮਣੇ ਆਉਂਦੀ ਹੈ :

> ਪਿਛਲੇ ਤੇ ਚਲ ਰਹੇ ਵਿਚਾਰਾਂ ਨੂੰ ਪੜ੍ਹ ਕੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਲੇਖਕ ਡਾ: ਪਿਆਰ ਸਿੰਘ ਆਪਣੇ ਆਪ ਨੂੰ ਉਚ ਕੋਟੀ ਦੇ ਅਨੁਭਵੀ ਤੇ ਬਹੁਤ ਪਹੁੰਚੀ ਹੋਈ ਸ਼ਖ਼ਸੀਅਤ ਸਿਧ ਕਰਨ ਦੇ ਯਤਨ ਵਿਚ ਜਾਪਦੇ ਹਨ, ਕਿਉਂਕਿ ਉਹ ਪੰਚਮ ਪਾਤਸ਼ਾਹ ਦੇ ਮਨ ਤੇ ਵੀਚਾਰਾਂ ਨੂੰ ਚੰਗੀ ਤਰ੍ਹਾਂ ਜਾਨਣ ਤੇ ਸਮਝਣ ਦੇ ਸਮਰੱਥ ਹੋਣ ਦੇ ਦਾਅਵੇ ਕਰ ਰਹੇ ਹਨ। ...

**੧. 'ਨਿਰੀਕਾਰ'—**

(ੳ) ਜੇਕਰ 'ਨਿਰੀਕਾਰੁ' ਪਹਿਲੇ ਗੁਰੂ ਸਾਹਿਬ ਵਲੋਂ ਦਿਤੇ ਮੂਲ ਮੰਤਰ ਦਾ ਅੰਗ ਹੁੰਦਾ ਤਾਂ ਇਸ ਦੀ ਵਰਤੋਂ ਬਾਕੀ ਬਾਣੀ ਵਿਚ ਜ਼ਰੂਰ ਹੋਣੀ ਚਾਹੀਦੀ ਸੀ। ਪਰ ਉਸ ਸਮੇਂ ਹੈਰਾਨੀ ਹੁੰਦੀ ਹੈ ਜਦ ਸਾਨੂੰ ਪਤਾ ਲਗਦਾ ਹੈ ਕਿ ਇਹ ਸ਼ਬਦ ਇਸੇ ਰੂਪ ਵਿਚ, ਤਤਸਮ ਰੂਪ ਵਿਚ; ਨਾ ਤਾਂ ਕਿਸੇ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਵਰਤਿਆ ਹੈ ਅਤੇ ਨਾ ਹੀ ਕਿਸੇ ਭਗਤ ਨੇ।

ਇਸ ਤਰ੍ਹਾਂ ਲਗਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਬਾਣੀਕਾਰਾਂ ਨੂੰ 'ਨਿਰੀਕਾਰੁ' ਸ਼ਬਦ ਰੁਚਿਤ ਨਹੀਂ ਕਰ ਸਕਿਆ। ਸੋ ਇਸ ਦੇ ਮੂਲ ਮੰਤਰ ਦਾ ਅੰਗ ਹੋਣ ਸੰਬੰਧੀ ਸ਼ੰਕਾ ਪੈਦਾ ਹੁੰਦੀ ਹੈ। ਜੇਕਰ ਗੁਰੂ ਨਾਨਕ ਦੇਵ ਜੀ ਦੇ ਮੂਲ ਮੰਤਰ ਦਾ ਇਹ ਇਕ ਅੰਗ ਹੁੰਦਾ ਤਾਂ ਇਹ ਜ਼ਰੂਰ ਹੀ ਇਸੇ ਰੂਪ ਵਿਚ ਇਸ ਬਾਣੀ ਵਿਚ ਪ੍ਰਗਟ ਹੋ ਜਾਂਦਾ, ਪਰ ਅਜਿਹਾ ਨਹੀਂ ਹੋਇਆ। .....

(ਅ) ਡਾ: ਸਾਹਿਬ ਨੇ 'ਨਿਰੀਕਾਰ' ਸ਼ਬਦ ਨੂੰ 'ਨਿਰ+ਆਕਾਰ ਵਿਚ ਤੋੜ ਕੇ ਇਸ ਦੇ ਅਰਥ 'ਆਕਾਰ-


www.AKJ.Org

ਹੀਨ', 'ਅਕਾਰ ਦੀ ਕੈਦ ਤੋਂ ਬਾਹਰ' ਕੀਤੇ ਹਨ। ਉਹ ਇਥੇ ਅਰਥ ਕਰਨ ਵੇਲੇ ਗਲਤੀ ਕਰ ਰਹੇ ਹਨ। ਇਸ ਦਾ ਸ਼ਬਦ-ਜੋੜ 'ਨਿਰੀਕਾਰ' ਹੈ, ਪਰ ਉਹ ਇਸ ਨੂੰ 'ਨਿਰਾਕਾਰ' ਪੜ੍ਹ ਜਾਂ ਸਮਝ ਰਹੇ ਹਨ। ਇਹ ਦੋ ਵਖ ਵਖ ਸ਼ਬਦ ਹਨ।

ਨਿਰੀਕਾਰ : ਨਿਰ+ਈ+ਕਾਰ । ਮਾਇਆ ਤੋਂ ਰਹਿਤ ਸਰੂਪ ਵਾਲਾ, ਮਾਇਆ-ਜਾਲ ਤੋਂ ਬਾਹਰ ਰਹਿਣ ਵਾਲਾ।

ਭਾਈ ਕਾਨ੍ਹ ਸਿੰਘ ਨਾਭਾ ਵਲੋਂ 'ਨਿਰੀਕਾਰ' ਦੇ ਇਹੋ ਅਰਥ 'ਮਹਾਨ ਕੋਸ਼' ਵਿਚ ਮਿਲਦੇ ਹਨ।

ਡਾ: ਸਾਹਿਬ ਨੇ 'ਨਿਰੀਕਾਰ' ਨੂੰ 'ਨਿਰੰਕਾਰ' ਦਾ ਲੌਕਿਕ ਰੂਪ ਕਿਹਾ ਹੈ। ਉਨ੍ਹਾਂ ਦੀ ਇਹ ਗੱਲ ਵੀ ਉਪਰ ਦਸੇ ਅਰਥ-ਭੇਦਾਂ ਕਰਕੇ ਠੀਕ ਨਹੀਂ ਬੈਠਦੀ।...

**੨. ਨਿਰਵੈਰੁ–**

(ੳ) ਡਾ: ਸਾਹਿਬ ਅਨੁਸਾਰ 'ਨਿਰਵੈਰੁ' ਪੰਜਵੇਂ ਪਾਤਸ਼ਾਹ ਨੇ ਮੂਲ ਮੰਤਰ ਦਾ ਅੰਗ ਬਣਾ ਕੇ ਪ੍ਰਚਲਤ ਕੀਤਾ ਹੈ। ਡਾ: ਸਾਹਿਬ ਦੀ ਇਹ ਗੱਲ ਸਹੀ ਨਹੀਂ ਲਗਦੀ, ਕਿਉਂਕਿ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੀ ਸਾਰੰਗ ਰਾਗ ਦੀ ਬਾਣੀ ਵਿਚ ਸਾਨੂੰ ਮੂਲ ਮੰਤਰ ਦੀ ਵਿਆਖਿਆ ਦੇ ਰੂਪ ਵਿਚ 'ਨਿਰਵੈਰੁ' ਲਿਖਿਆ ਹੋਇਆ ਮਿਲਦਾ ਹੈ :

ਜਪਿ ਮਨ ਨਿਰਭਉ ॥ ਸਤਿ ਸਤਿ ਸਦਾ ਸਤਿ ॥
ਨਿਰਵੈਰੁ ਅਕਾਲ ਮੂਰਤਿ ॥ ਅਜੂਨੀ ਸੰਭਉ ॥
ਮੇਰੇ ਮਨ ਅਨਦਿਨੁ ਧਿਆਇ ਨਿਰੰਕਾਰੁ ਨਿਰਾਹਾਰੀ ॥੧॥੧੧॥

[ਗੁਰੂ ਗ੍ਰੰਥ ਸਾਹਿਬ, ਪੰਨਾ ੧੨੦੧]

ਇਸ ਵਿਚ 'ਨਿਰਵੈਰੁ' ਸ਼ਬਦ ਦਾ ਆਉਣਾ ਇਹੋ ਸਿਧ ਕਰਦਾ ਹੈ ਕਿ ਪੰਜਵੇਂ ਪਾਤਸ਼ਾਹ ਤੋਂ ਪਹਿਲਾਂ ਵੀ 'ਨਿਰਵੈਰੁ' ਮੂਲ ਮੰਤਰ ਦਾ ਅਨਿਖੜਵਾਂ ਅੰਗ ਸੀ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਸੋਰਠਿ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਬਦ ਮਿਲਦਾ ਹੈ :

ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ ॥
ਨਾਨਕ ਗੁਰ ਵਿਣੁ ਭਰਮੁ ਨ ਭਾਗੈ ਸਚਿ ਨਾਮਿ ਵਡਿਆਈ ॥੪॥੩॥ (ਪੰਨਾ ੫੯੬)

ਇਸ ਸ਼ਬਦ ਤੋਂ ਵੀ ਇਹੋ ਸਿਧ ਹੁੰਦਾ ਹੈ ਕਿ 'ਨਿਰਵੈਰੁ' ਗੁਰੂ ਨਾਨਕ ਦੇਵ ਜੀ ਦੇ ਮੂਲ ਮੰਤਰ ਦਾ ਇਕ ਅੰਗ ਸੀ। ਪੰਜਵੇਂ ਪਾਤਸ਼ਾਹ ਨੇ ਉਸ ਨੂੰ ਉਸੇ ਰੂਪ ਵਿਚ ਆਪਣੀ ਬਾਣੀ ਵਿਚ ਤੇ ਮੂਲ ਮੰਤਰ ਵਿਚ ਵਰਤਿਆ। ਉਹਨਾਂ ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ।

**੩. ਸਦਾਚਾਰਕ ਆਦਰਸ਼ : ਨਿਰਵੈਰ–**

ਡਾ: ਸਾਹਿਬ ਦਾ ਮਤ ਹੈ ਕਿ ਪੰਜਵੇਂ ਗੁਰੂ ਨੇ ਨਿਰਵੈਰਤਾ ਨੂੰ ਸਦਾਚਾਰਕ ਆਦਰਸ਼ ਬਣਾਉਣ ਲਈ ਇਹ ਤਬਦੀਲੀ ਕੀਤੀ ਸੀ। ਪਰ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਇਹ ਆਦਰਸ਼ ਪਹਿਲਾਂ ਹੀ ਗੁਰਬਾਣੀ ਵਿਚ ਦੇ ਕੇ ਸਥਾਪਤ ਕੀਤਾ ਹੋਇਆ ਹੈ :

ਸਤਿਗੁਰ ਪੁਰਖੁ ਨਿਰਵੈਰੁ ਹੈ, ਨਿਤ ਹਿਰਦੈ ਹਰਿ ਲਿਵ ਲਾਇ ॥
ਨਿਰਵੈਰੈ ਨਾਲਿ ਵੈਰੁ ਰਚਾਇਦਾ ਅਪਣੈ ਘਰਿ ਲੂਕੀ ਲਾਇ ॥੨੩॥ (ਪੰਨਾ ੧੪੧੫)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਵੈਰਤਾ ਦੇ ਇਸ ਸਦਾਚਾਰਕ ਆਦਰਸ਼ ਦੀ ਨੀਂਹ ਬਹੁਤ ਚਿਰ ਪਹਿਲਾਂ ਰਖ ਦਿਤੀ ਸੀ, ਜਦ ਉਹਨਾਂ ਨੇ ਸਿਧਾਂ ਨਾਲ ਗੋਸ਼ਟਿ ਕਰਦੇ ਇਹ ਸ਼ਬਦ ਕਹੇ :

ਗੁਰਮੁਖਿ ਵੈਰ ਵਿਰੋਧ ਗਵਾਵੈ ॥੩੭॥ (ਪੰਨਾ ੯੪੨)

ਇਸ ਤੋਂ ਸਿਧ ਹੈ ਕਿ ਡਾ: ਸਾਹਿਬ ਦਾ ਇਹ ਮਤ ਵੀ ਪੂਰੀ ਤਰ੍ਹਾਂ ਬੇ-ਬੁਨਿਆਦ ਹੈ। ਪੰਜਵੇਂ ਪਾਤਸ਼ਾਹ ਵਲੋਂ ਨਿਰਵੈਰਤਾ ਦਾ ਆਦਰਸ਼ ਸਾਹਮਣੇ ਰਖ ਕੇ ਤਬਦੀਲੀ ਕਰਨ ਦਾ ਕਾਰਣ ਜੋ ਡਾ: ਸਾਹਿਬ ਨੇ ਦਿਤਾ ਹੈ,


[ਬਾਕੀ ਦੇਖੋ ਸਫਾ ੩੦ ਹੇਠ]

www.AKJ.Org

# ਸ਼ਹੀਦੀ ਗੁਰਪੁਰਬ ਸਮੇਂ ਛਬੀਲਾਂ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਾਕਾ ਲਾਹੌਰ ਵਿਖੇ ਹੋਇਆ ਸੀ। ਕਹਿਰਾਂ ਦੇ ਤਸੀਹੇ ਦੇਣ ਪਿਛੋਂ, ਅੰਤ ਉਨ੍ਹਾਂ ਦੇ ਸਰੀਰ ਨੂੰ ਦਰਿਆ ਰਾਵੀ ਦੇ ਪਾਣੀ ਵਿਚ ਡੋਬਿਆ ਗਿਆ ਸੀ। ਓਦੋਂ ਦਰਿਆ ਰਾਵੀ ਕਿਲ੍ਹੇ ਦੇ ਲਾਗਿਓਂ ਹੀ ਵਗਦਾ ਸੀ, ਪਰ ਸਮਾਂ ਪਾ ਕੇ ਦਰਿਆ ਆਪਣਾ ਰਾਹ ਬਦਲ ਕੇ ਕਾਫ਼ੀ ਪਿਛੇ ਹਟ ਗਿਆ। ਕਿਲ੍ਹੇ ਦੇ ਲਾਗਲੇ ਸ਼ਹੀਦੀ ਅਸਥਾਨ ਤੇ ਬਣੇ ਗੁਰਦਵਾਰਾ 'ਡੇਹਰਾ ਸਾਹਿਬ' ਵਿਖੇ ਸਿਖ ਸੰਗਤਾਂ ਓਦੋਂ ਤੋਂ ਹੀ ਆਪਣੇ ਗੁਰੂ ਪਾਤਸ਼ਾਹ ਦੀ ਯਾਦ ਮਨਾਂਦੀਆਂ ਆ ਰਹੀਆਂ ਹਨ।

ਦੇਸ਼-ਵੰਡ ਤੋਂ ਪਹਿਲਾਂ ਪਿਸ਼ਾਵਰ-ਕੋਹਾਟ ਤੋਂ ਕਲਕੱਤਾ-ਬੰਬਈ ਤਕ ਸਾਰੇ ਭਾਰਤ ਵਿਚੋਂ ਸ਼ਹੀਦਾਂ ਦੇ ਸਿਰਤਾਜ ਸਤਿਗੁਰੂ ਜੀ ਦੇ ਸ਼ਹੀਦੀ ਦਿਵਸ ਤੇ, ਗੁਰੂ-ਚਰਨਾਂ ਦੇ ਭੌਰੇ ਲੱਖਾਂ ਦੀ ਗਿਣਤੀ ਵਿਚ ਹਾਜ਼ਰੀ ਭਰਨ ਲਈ ਇਕੱਠੇ ਹੁੰਦੇ ਸਨ। ਦੂਰ ਦੂਰ ਤਕ ਸਿਖ ਸੰਗਤਾਂ ਦਾ ਇਕ ਸਮੁੰਦਰ ਜਿਹਾ ਠਾਠਾਂ ਮਾਰਦਾ ਨਜ਼ਰ ਆਉਂਦਾ ਸੀ। ਉਪਰੋਂ ਕਹਿਰਾਂ ਦੀ ਗਰਮੀ ਪੈ ਰਹੀ ਹੁੰਦੀ ਸੀ। ਹੇਠਾਂ ਧਰਤੀ ਤੇ ਲਾਗੇ ਬਣੇ ਗੁਰਦੁਆਰਾ ਡੇਹਰਾ ਸਾਹਿਬ ਦੇ ਚੌਗਿਰਦੇ ਦੂਰ ਦੂਰ ਤਕ ਰੜਾ ਮੈਦਾਨ ਹੀ ਪਸਰਿਆ ਹੁੰਦਾ ਸੀ। ਪਾਣੀ ਦਾ ਕਿਤੇ ਨਾਂ-ਨਿਸ਼ਾਨ ਤਕ ਨਹੀਂ ਸੀ ਹੁੰਦਾ। ਪਰ ਇਸ ਦੇ ਬਾਵਜੂਦ ਸਿਖ-ਸੰਗਤਾਂ ਸ਼ਹੀਦੀ ਅਸਥਾਨ ਦੀ ਯਾਤਰਾ ਲਈ ਧਾਈ ਕਰ ਕੇ ਪੁਜਦੀਆਂ ਸਨ। ਸੰਗਤਾਂ ਦੇ ਭਾਰੀ ਰਸ਼ ਕਾਰਨ ਮੋਢੇ ਨਾਲ ਮੋਢਾ ਖਹਿੰਦਾ ਹੁੰਦਾ ਸੀ।

ਗੁਰਦਵਾਰਾ ਸਾਹਿਬ ਕੁਝ ਸੀਮਿਤ ਥਾਂ ਤੇ ਹੀ ਉਸਰਿਆ ਹੋਇਆ ਹੈ। ਉਥੇ ਬੇਅੰਤ ਸੰਗਤਾਂ ਬਹਿ ਕੇ ਕੀਰਤਨ ਜਾਂ ਹਰਿ-ਜਸ ਨਹੀਂ ਸਨ ਸੁਣ ਸਕਦੀਆਂ। ਸੋ ਸੰਗਤਾਂ ਆਉਂਦੀਆਂ, ਗੁਰੂ ਦਰ ਤੇ ਨਮਸਕਾਰ ਕਰਦੀਆਂ ਅਤੇ ਭਰੇ ਦਿਲ ਨਾਲ ਉਸ ਅਸਥਾਨ ਦੀ ਧੂੜੀ ਮਸਤਕ ਤੇ ਲਾ ਕੇ ਬਾਹਰ ਅਥਾਹ ਫੈਲੀ ਹੋਈ ਖੁਲ੍ਹੀ ਗਰਾਊਂਡ ਵਿਚ ਸਜੇ ਦੀਵਾਨ-ਅਸਥਾਨਾਂ ਵਿਚ ਹਾਜ਼ਰੀਆਂ ਭਰਦੀਆਂ। ਇਸ ਭਾਰੀ ਗਰਮੀ ਸਮੇਂ ਕਿਲ੍ਹੇ ਲਾਗੇ ਗੁਰਦੁਆਰਾ ਸਾਹਿਬ ਤਕ ਆਉਂਦੀ ਸੜਕ ਦੇ ਦੋਹੀਂ ਪਾਸੀਂ ਪਾਣੀ ਦੀਆਂ ਅਨੇਕਾਂ ਛਬੀਲਾਂ ਪ੍ਰੇਮੀਆਂ ਵਲੋਂ ਲਗੀਆਂ ਹੁੰਦੀਆਂ ਸਨ, ਜਿਥੋਂ ਸਿਖ ਸੰਗਤਾਂ ਪਾਣੀ ਦੀ ਪਿਆਸ ਬੁਝਾ ਕੇ ਗੁਰੂ-ਦਰਬਾਰ ਵਲ ਧਾਈ ਕਰਦੀਆਂ ਪੁਜਦੀਆਂ ਸਨ। ਇਨ੍ਹਾਂ ਛਬੀਲਾ ਦਾ ਨਿਸ਼ਾਨਾ ਕੋਈ ਦਿਖਾਵਾ ਨਹੀਂ ਸੀ ਹੁੰਦਾ, ਕੋਈ ਆਪਣਾ ਆਪ ਪ੍ਰਗਟਾਉਣਾ

---

ਉਹ ਕਦਾਚਿਤ ਵੀ ਸਵੀਕਾਰ ਕਰਨ ਯੋਗ ਨਹੀਂ ਹੈ। [ਸਫਾ ੨੯ ਦੀ ਬਾਕੀ]

ਇਸੇ ਤਰ੍ਹਾਂ ਲੇਖਕ ਨੇ 'ਸੈਭਉ/ਸ੍ਵੈਭੰ' ਬਾਰੇ ਡਾ: ਸਾਹਿਬ ਦੀਆਂ ਥੋਥੀਆਂ ਦਲੀਲਾਂ ਤੇ ਪੂਰੀ ਵਿਚਾਰ ਕੀਤੀ ਹੈ। ਅੰਤ ਵਿਚ ਸਾਰੀ ਵਿਚਾਰ ਦਾ ਸਿੱਟਾ ਲਿਖਦੇ ਹਨ :

**ਮੂਲ ਮੰਤਰ ਇਸੇ ਰੂਪ ਵਿਚ, ਜਿਵੇਂ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੇਣ ਹੈ। ਇਸ ਵਿਚ ਵਿਕਾਸ ਤੇ ਤਬਦੀਲੀ ਨਹੀਂ ਹੋਈ।**

ਅੰਤ ਵਿਚ ਇਹ ਕਹਿਣਾ ਪ੍ਰਸੰਗਿਕ ਹੋਵੇਗਾ ਕਿ ਡਾ: ਪਿਆਰ ਸਿੰਘ ਇਸ ਵੇਲੇ ਆਪਣੇ ਦੋ ਰੂਪਾਂ ਵਿਚ ਪ੍ਰਗਟ ਹਨ :

(੧) ਗੁਰਸਿਖ ਦੇ ਰੂਪ ਵਿਚ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਅਗੇ ਆਪਣਾ ਸਿਰ ਨਿਵਾਉਂਦੇ ਹਨ ਅਤੇ ਕੀਤੀ ਹੋਈ ਗ਼ਲਤੀ ਬਖਸ਼ਵਾ ਲੈਂਦੇ ਹਨ।

(੨) ਗੁਰਸਿੱਖੀ ਤੋਂ ਹਟ ਕੇ ਦੂਸਰੇ ਸਰੂਪ ਵਿਚ ਫਿਰ ਉਸੇ ਤਰ੍ਹਾਂ ਦੇ ਕਿੰਤੂ ਪ੍ਰੰਤੂ ਕਰਨ ਲਗ ਪੈਂਦੇ ਹਨ, ਜੋ ਉਹਨਾਂ ਨੇ ਪਹਿਲਾਂ ਆਪਣੀ ਪੁਸਤਕ "ਗਾਥਾ ਸ੍ਰੀ ਆਦਿ ਗ੍ਰੰਥ" ਵਿਚ ਭਰ ਦਿਤੇ ਤੇ ਹੁਣ ਬਾਅਦ ਵਿਚ ਆਪਣੀ 'ਖੁਲ੍ਹੀ ਚਿੱਠੀ ਜਥੇਦਾਰ ਸਾਹਿਬ ਦੇ ਨਾਂ' ਵਿਚ ਲਿਖ ਦਿਤੇ ਹਨ।

ਸੋ ਡਾ: ਪਿਆਰ ਸਿੰਘ ਇਸ ਸਮੇਂ ਦੋ ਸਰੂਪਾਂ ('ਸਲਾਮੁ ਜਬਾਬੁ ਦੋਵੈ ਕਰੇ') ਵਿਚ ਵਿਚਰ ਰਹੇ ਹਨ ਅਤੇ ਇਹ ਉਹਨਾਂ ਦੀ ਸ਼ਖ਼ਸੀਅਤ ਦੇ ਅਨਿਖੜਵੇਂ ਅੰਗ ਹਨ।



www.AKJ.Org

ਨਹੀਂ ਸੀ ਹੁੰਦਾ, ਕੋਈ ਇਸ਼ਤਿਹਾਰ-ਬਾਜ਼ੀ ਨਹੀਂ ਸੀ ਹੁੰਦੀ ਅਤੇ ਨਾ ਹੀ ਕੁਝ ਕਿਹਾ ਕਹਾਇਆ ਜਾਂ ਸੁਣਾਇਆ ਜਾਂਦਾ ਸੀ। ਬਸ, ਆਂਦੀਆਂ ਜਾਂਦੀਆਂ ਸੰਗਤਾਂ ਜਲ ਛਕਦੀਆਂ, ਹਿਰਦਾ ਠਾਰਦੀਆਂ ਅਤੇ ਆਪਣੇ ਦਿਲ ਦੇ ਪਾਤਸ਼ਾਹ ਦੇ ਚਰਨਾਂ ਵਲ ਧਿਆਨ ਧਰੀ ਅਗੇ ਅਗੇ ਤੁਰੀਆਂ ਜਾਂਦੀਆਂ। ਉਨ੍ਹਾਂ ਦੇ ਹਿਰਦਿਆਂ ਵਿਚ ਸਤਿਗੁਰੂ ਦੇ ਚਰਨਾਂ ਵਿਚ ਜੁੜਨ ਲਈ ਪ੍ਰੇਮ ਦੀਆਂ ਅਥਾਹ ਲਹਿਰਾਂ ਚਲ ਰਹੀਆਂ ਹੁੰਦੀਆਂ।

ਅੱਜ ਵੀ ਸਿਖ ਸੰਗਤਾਂ ਇਸ ਸ਼ਹੀਦੀ ਗੁਰਪੁਰਬ ਤੇ ਪੁਜਦੀਆਂ ਹਨ, ਪਰ ਭਾਰਤੀ ਤੇ ਪਾਕੀ ਦੋਹਾਂ ਸਰਕਾਰਾਂ ਦੀਆਂ ਮਨਜ਼ੂਰੀਆਂ ਨਾਲ; ਅਤੇ ਉਹ ਵੀ ਸੀਮਿਤ ਗਿਣਤੀ ਵਿਚ। ਫਿਰ ਲੋਹੜੇ ਵਾਲੀ ਗੱਲ ਇਹ ਹੈ ਕਿ ਹੁਣ ਸਮੁੱਚੇ ਤੌਰ ਤੇ ਸਾਡੀਆਂ ਮਨੋ-ਬ੍ਰਿਤੀਆਂ ਹੀ ਬਦਲ ਗਈਆਂ ਹਨ। ਹੁਣ ਅਸੀਂ ਵੇਖਦੇ ਸੁਣਦੇ ਹੀ ਰਹਿੰਦੇ ਹਾਂ ਕਿ ਕਿੰਨੀਆਂ ਕੁ ਸੰਗਤਾਂ ਨਿਰੋਲ ਸਤਿਗੁਰੂ ਦੇ ਸ਼ਹੀਦੀ ਅਸਥਾਨ ਦੀ ਧੂੜੀ ਪਰਸਨ ਲਈ ਜਾਂਦੀਆਂ ਹਨ ?

ਹੁਣ ਵੇਖੀਏ, ਅਸੀਂ ਇਸ ਮਹਾਨ ਸ਼ਹੀਦੀ ਗੁਰਪੁਰਬ ਨੂੰ ਕਿਵੇਂ ਮਨਾ ਰਹੇ ਹਾਂ ? ਕੀ ਸਤਿਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਾਂ ? ਲਾਹੌਰ ਵਿਚ ਅਣਵੰਡੇ ਭਾਰਤ ਸਮੇਂ ਸ਼ਹੀਦੀ ਗੁਰਪੁਰਬ ਤੇ ਲਾਈਆਂ ਜਾਂਦੀਆਂ ਛਬੀਲਾਂ ਦੀ ਨਕਲ ਤਾਂ ਅਸਾਂ ਖ਼ੂਬ ਵਧਾ ਚੜ੍ਹਾ ਕੇ ਕਰ ਲਈ, ਪਰ ਸਤਿਗੁਰੂ ਸੱਚੇ ਪਾਤਸ਼ਾਹ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਦੇ ਅਸਲ ਮੁੱਦੇ ਨੂੰ ਅਸੀਂ ਭੁਲ ਗਏ ਹਾਂ। ਹੁਣ ਸ੍ਰੀ ਅੰਮ੍ਰਿਤਸਰ ਵਿਚ ਆਮ ਵੇਖਿਆ ਜਾਂਦਾ ਹੈ ਕਿ ਪਹਿਲਾਂ ਤਾਂ ਛੋਟੇ ਬੱਚਿਆਂ ਤੋਂ ਲੈ ਕੇ ਨੌਜੁਆਨ ਪੀੜ੍ਹੀ ਤਕ, ਘਰਾਂ, ਮਹੱਲਿਆਂ ਤੇ ਬਜ਼ਾਰਾਂ ਵਿਚ ਸ਼ਹੀਦੀ ਗੁਰਪੁਰਬ ਲਈ ਲੰਗਰ ਤੇ ਛਬੀਲਾਂ ਆਦਿ ਲਈ ਰਾਹ ਜਾਂਦਿਆਂ ਤੋਂ ਵੀ ਮਾਇਆ ਮੰਗਦੇ ਫਿਰਦੇ ਹਨ ਅਤੇ ਫਿਰ ਗੁਰਪੁਰਬ ਵਾਲੇ ਦਿਨ ਥਾਂ ਥਾਂ ਆਪੋ ਆਪਣੇ ਅੱਡਿਆਂ ਤੇ ਸ਼ਹੀਦੀ ਛਬੀਲਾਂ ਚਾਲੂ ਕਰ ਦਿੰਦੇ ਹਨ। ਇਕ ਪਾਸੇ ਠੰਡੀਆਂ ਮਿੱਠੀਆਂ ਕੱਚੀਆਂ ਲਸੀਆਂ ਚਲ ਰਹੀਆਂ ਹੁੰਦੀਆਂ ਹਨ, ਦੂਜੇ ਪਾਸੇ ਛੋਲਿਆਂ ਦੀਆਂ ਘੁੰਗਣੀਆਂ ਤੜਕ ਭੁੰਨ ਕੇ ਛਕਾਈਆਂ ਜਾ ਰਹੀਆਂ ਹੁੰਦੀਆਂ ਹਨ। ਛਕਣ ਛਕਾਣ ਵਾਲੇ ਵੀ ਉਥੇ ਇਉਂ ਝੁਰਮਟ ਪਾਈ ਫਿਰਦੇ ਹਨ ਜਿਵੇਂ ਕੋਈ ਮੇਲਾ ਵੇਖਣ ਅਤੇ ਖਾਣ ਪੀਣ ਦੇ ਸੁਆਦ ਲੈਣ ਆਏ ਹੁੰਦੇ ਹਨ। ਇਉਂ ਹੱਸਦੇ ਖੇਡਦੇ, ਖਾਂਦੇ ਪੀਂਦੇ, ਗੱਪਾਂ ਮਾਰਦੇ, ਗੁਰੂ-ਦਰਬਾਰ ਵਿਚ ਸਿਰ ਨਿਵਾ ਕੇ ਘਰਾਂ ਨੂੰ ਵਾਪਸ ਪਰਤਦੇ ਹਨ ਅਤੇ ਸਮਝਦੇ ਹਨ ਕਿ ਅਸੀਂ ਸ਼ਹੀਦੀ ਗੁਰਪੁਰਬ ਮਨਾ ਆਏ ਹਾਂ। ਕਈਆਂ ਨੂੰ ਤਾਂ ਕੱਚੀਆਂ ਲਸੀਆਂ ਅਤੇ ਤੜਕੇ ਭੁੜਕੇ ਛੋਲੇ ਖਾਣ ਨਾਲ ਟੱਟੀਆਂ ਲਗ ਜਾਂਦੀਆਂ ਹਨ ਅਤੇ ਸਰੀਰਾਂ ਵਿਚ ਬੇਚੈਨੀ ਜਿਹੀ ਛਾਈ ਹੁੰਦੀ ਹੈ। ਅੰਦਰ ਠੰਢ ਕੀ ਵਰਤਣੀ ਸੀ, ਸਗੋਂ ਤਪਸ਼ ਵਰਤਾ ਲੈਂਦੇ ਹਨ। ਕਈ ਥਾਵਾਂ ਤੇ ਛਬੀਲਾਂ ਦੇ ਨਾਲ ਪਵਿਤਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਪਾਸੇ ਪ੍ਰਕਾਸ਼ ਕਰ ਕੇ ਸ੍ਰੀ ਅਖੰਡ ਪਾਠ ਚਾਲੂ ਕੀਤਾ ਹੁੰਦਾ ਹੈ, ਜੋ ਲਾਊਡ ਸਪੀਕਰ ਰਾਹੀਂ ਆਲੇ ਦੁਆਲੇ ਦੇ ਸਭ ਚਾਹੁੰਦੇ ਤੇ ਅਣ-ਚਾਹੁੰਦੇ ਲੋਕਾਂ ਨੂੰ ਸੁਣਾਇਆ ਜਾ ਰਿਹਾ ਹੁੰਦਾ ਹੈ। ਨਾਲ ਹੀ ਵੇਖਣ ਵਿਚ ਆਉਂਦਾ ਹੈ ਕਿ ਸੱਚੇ ਪਾਤਸ਼ਾਹ ਦੇ ਸਾਹਮਣੇ ਲਾਂਘੇ ਵਿਚ ਹੀ ਛੋਲਿਆਂ ਦੀਆਂ ਘੁੰਗਣੀਆਂ ਤੇ ਲਸੀਆਂ ਛਕਾਈਆਂ ਜਾ ਰਹੀਆਂ ਹੁੰਦੀਆਂ ਹਨ। ਪਵਿਤਰ ਬਾਣੀ ਅਤੇ ਜਾਗਤ ਜੋਤਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੀ ਪਰਵਾਹ ਤਕ ਨਹੀਂ ਹੁੰਦੀ।

ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਇਸ ਸ਼ਹੀਦੀ ਗੁਰਪੁਰਬ ਦਾ ਮਨਾਣਾ ਇਨ੍ਹਾਂ ਛਬੀਲਾਂ ਦੇ ਅਡੰਬਰ ਰਚਣ ਤਕ ਹੀ ਸੀਮਿਤ ਰਹਿ ਗਿਆ ਹੈ ? ਕੀ ਸਿਖ ਕੌਮ ਦਾ ਗੁਰਪੁਰਬ ਮਨਾਣਾ ਕੇਵਲ ਖਾਣ ਪੀਣ ਤਕ ਹੀ ਰਹਿ ਜਾਣਾ ਹੈ ? ਗੁਰਪੁਰਬ ਸਮੇਂ ਗੁਰ-ਇਤਿਹਾਸ, ਗੁਰੂ ਕੀ ਠੰਢੀ ਮਿੱਠੀ ਬਾਣੀ, ਅਤੇ ਗੁਰਬਾਣੀ ਦੇ ਇਲਾਹੀ ਕੀਰਤਨ ਵਿਚ ਆਪਣੇ ਹਿਰਦੇ ਜੋੜ ਕੇ, ਸਤਿਗੁਰੂ ਦੀ ਮਹਾਨ ਜੋਤੀ ਨੂੰ ਅੰਤਰ-ਆਤਮੇ ਵਸਾ ਕੇ, ਉਸ ਪਿਆਰੇ ਦੇ ਚਰਨਾਂ ਨਾਲ ਲਿਪਟਣ ਦੀ ਲੋੜ ਹੈ ਅਤੇ ਆਪਣੇ ਜੀਵਨ ਉਸ ਜੋਤੀ ਦੀ ਰੋਸ਼ਨੀ ਵਿਚ ਉਜਲੇ ਕਰਨੇ ਜ਼ਰੂਰੀ ਹਨ। ਜਦ ਤਕ ਅਸੀਂ ਆਪਣੇ ਜੀਵਨ, ਸਤਿਗੁਰੂ ਦੇ ਪੂਰਨਿਆਂ ਤੇ ਚਲ ਕੇ ਸੁਆਰਦੇ ਨਹੀਂ ਅਤੇ ਸਹੀ ਅਰਥਾਂ ਵਿਚ ਅਸੀਂ ਧਰਮੀ ਨਹੀਂ ਬਣਦੇ, ਓਦੋਂ ਤਕ ਅਸੀਂ ਭੰਬਲ-ਭੂਸੇ ਖਾਂਦੇ ਖਜਲ-ਖੁਆਰ ਹੁੰਦੇ ਫਿਰਾਂਗੇ ਅਤੇ ਦੁਨੀਆ ਸਾਡਾ ਤਮਾਸ਼ਾ ਵੇਖਦੀ ਰਹੇਗੀ।


www.AKJ.Org

# ਸ: ਅਮਰਜੀਤ ਸਿੰਘ ਗਰੇਵਾਲ ਦੇ ਖੋਜ-ਨਿਬੰਧ ਸੰਬੰਧੀ

ਨੋਟ—'ਸੂਰਾ' ਜੂਨ 1994 ਵਿਚ ਇਕ ਪਤਰਾ ਵਖਰਾ ਛਾਪ ਕੇ ਪਾਇਆ ਗਿਆ ਸੀ, ਜਿਸ ਵਿਚ ਸੰਤ ਸੁੱਚਾ ਸਿੰਘ ਜਵੱਦੀ ਵਾਲੇ ਦੇ ਡੇਰੇ ਦੇ ਸ: ਅਮਰਜੀਤ ਸਿੰਘ ਗਰੇਵਾਲ ਮੁਖ ਸੰਪਾਦਕ 'ਵਿਸਮਾਦ ਨਾਦ' ਦੇ ਲੇਖ "ਇਕੀਵੀਂ ਸਦੀ ਦੇ ਮਾਨਵ ਅਤੇ ਸਮਾਜ ਦੀ ਸਿਰਜਣ ਲਈ (ਸ੍ਰੀ) ਗੁਰੂ ਗ੍ਰੰਥ ਸਾਹਿਬ ਦੀ ਪ੍ਰਸੰਗਿਕਤਾ" ਦੇ ਇਤਰਾਜ਼-ਜੋਗ ਨੁਕਤੇ ਸ਼ਾਮਲ ਕੀਤੇ ਸਨ। ਇਸ ਸੰਬੰਧੀ ਅਗਲੀ ਕੀਤੀ ਗਈ ਪੰਥਕ ਕਾਰਵਾਈ ਅਤੇ ਇਸ ਸੰਬੰਧੀ ਸੂਰਾ ਪਰਵਾਰ ਦੇ ਵੀਚਾਰ ਪਾਠਕਾਂ ਨਾਲ ਸਾਂਝੇ ਕੀਤੇ ਜਾਂਦੇ ਸਨ। —ਸੰਪਾਦਕ

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸ: ਅਮਰਜੀਤ ਸਿੰਘ ਗਰੇਵਾਲ ਨੂੰ ਅਦੇਸ਼ ਦਿਤਾ ਗਿਆ ਕਿ ਉਹ ਆਪਣੇ ਵਾਦ-ਗ੍ਰਸਤ ਲੇਖ ਸੰਬੰਧੀ 'ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ' ਲੁਧਿਆਣਾ ਦੇ ਵਿਦਵਾਨਾਂ ਅਤੇ ਹੋਰ ਸਿਖ ਵਿਦਵਾਨਾਂ ਦੇ ਸਵਾਲਾਂ ਦੇ ਜਵਾਬ ਦੇਣ ਲਈ ਮਿਤੀ ੧੯.੬.੯੪ ਨੂੰ ਭਾਈ ਗੁਰਦਾਸ ਹਾਲ ਅੰਮ੍ਰਿਤਸਰ ਵਿਚ ਹਾਜ਼ਰ ਹੋਵੇ।

ਉਪਰੋਕਤ ਮਿਤੀ ਦੀ ਮੀਟਿੰਗ ਦੀ ਸਮਾਪਤੀ ਮਗਰੋਂ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਕੀਤੇ ਪ੍ਰੈਸ-ਨੋਟ ਅਨੁਸਾਰ ਸ: ਅਮਰਜੀਤ ਸਿੰਘ ਗਰੇਵਾਲ ਨੇ ਪ੍ਰਵਾਨ ਕਰ ਲਿਆ ਹੈ ਕਿ ਉਹ ਮੀਟਿੰਗ ਵਿਚ ਸਿਖ ਵਿਦਵਾਨਾਂ ਵਲੋਂ ਉਠਾਏ ਗਏ ਇਤਰਾਜ਼ਾਂ ਦੀ ਰੌਸ਼ਨੀ ਵਿਚ ਆਪਣੇ ਖੋਜ-ਨਿਬੰਧ ਵਿਚ ਲੋੜੀਂਦੀ ਤਬਦੀਲੀ ਕਰ ਕੇ ਇਸ ਦੀ ਅਗਲੀ ਪ੍ਰਕਾਸ਼ਨਾ ਕਰੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਸਿਆਣਪ ਅਤੇ ਦੂਰ-ਅੰਦੇਸ਼ੀ ਅਤੇ ਇਸ ਦੇ ਨਾਲ 'ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ' ਦੇ ਕਾਰਕੁਨਾਂ ਦੀ ਸਿਖ-ਸਿਧਾਂਤਾਂ ਪ੍ਰਤੀ ਵਫ਼ਾਦਾਰੀ, ਪਹਿਰੇਦਾਰੀ ਅਤੇ ਅਦੁੱਤੀ ਘਾਲਣਾ ਦੇ ਫਲ-ਸਰੂਪ ਇਹ ਮਸਲਾ ਹਾਲ ਦੀ ਘੜੀ ਇਕ ਵਾਰੀ ਤਾਂ ਨਜਿਠਿਆ ਗਿਆ ਹੈ। ਅਗੋਂ ਇਸ ਲੇਖ ਦੇ ਲਿਖਾਰੀ ਉਤੇ ਨਿਰਭਰ ਕਰਦਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤ ਨੂੰ ਦਿਤੇ ਭਰੋਸੇ ਅਨੁਸਾਰ ਪੂਰੀ ਈਮਾਨਦਾਰੀ ਨਾਲ ਤਸੱਲੀ-ਬਖ਼ਸ਼ ਸੁਧਾਈ ਕਰ ਕੇ ਸੁਰਖ਼ਰੂ ਹੋਵੇ। ਇਸ ਸੁਧਾਈ ਨੂੰ ਯਕੀਨੀ ਬਣਾਉਣ ਲਈ ਸਿਖ ਵਿਦਵਾਨਾਂ ਨੂੰ ਅਜੇ ਪੂਰੀ ਚਿਤੰਨਤਾ ਸਗੋਂ ਸਾਵਧਾਨੀ ਦਾ ਘੇਰਾ ਚੌੜਾ ਕੀਤੇ ਜਾਣ ਦੀ ਲੋੜ ਹੈ, ਤਾਂ ਜੁ ਸਿਖ-ਸਿਧਾਂਤ ਵਿਚ ਰੋਲ-ਘਚੋਲ ਪਾਉਣ ਵਾਲਿਆਂ ਦੀ ਨਿਸ਼ਾਨ-ਦੇਹੀ ਕੀਤੀ ਜਾ ਸਕੇ ਅਤੇ ਉਹਨਾਂ ਨੂੰ 'ਖ਼ਬਰਦਾਰ' ਕੀਤਾ ਜਾਵੇ।

'ਅਕਾਦਮਿਕ-ਖੋਜ' ਦੇ ਨਾਂ ਥਲੇ ਕੁਝ ਕੁ ਸਿਖ ਵਿਦਵਾਨਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰੂਪਣ ਕੀਤੇ ਸਿਧਾਂਤਾਂ ਦੀ ਆਲੋਚਨਾ ਦਾ ਸਿਲਸਿਲਾ ਜੋ ਸ਼ੁਰੂ ਹੋਇਆ ਹੈ, ਇਹ ਨਿਖੇਧੀ-ਜਨਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਾਰਾ ਜਗਤ ਮਨ ਬਚਨ ਕਰਮ ਕਰ ਕੇ ਗੁਰੂ ਮੰਨਦਾ ਅਤੇ ਇਹਨਾਂ ਤੋਂ ਅਧਿਆਤਮਕ ਅਗਵਾਈ ਪ੍ਰਾਪਤ ਕਰਦਾ ਹੈ। ਮਨ-ਮਤੀ ਵਿਦਵਾਨ ਅਤੇ ਸਿਖ ਵਿਦਵਾਨਾਂ ਵਿਚੋਂ ਵੀ ਕੁਝ ਅਨਸਰ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰੂ-ਪੱਖ ਤੋਂ ਨਾਵਾਕਫ਼ ਹੈ, ਜਾਂ ਜਾਣ ਬੁਝ ਕੇ ਇਸ ਪੱਖ ਨੂੰ ਨਜ਼ਰ-ਅੰਦਾਜ਼ ਕਰਦਾ ਹੈ, ਵਡੇ ਟਪਲੇ ਦਾ ਸ਼ਿਕਾਰ ਹੈ। ਸਮੁੱਚੇ ਸਿਖ ਜਗਤ ਦਾ ਇਹ ਅਟੱਲ ਵਿਸ਼ਵਾਸ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰੂਪਣ ਬਾਣੀ 'ਧੁਰ ਕੀ ਬਾਣੀ' ਹੈ, ਰੱਬੀ ਇਲਹਾਮ ਹੈ, ਜਿਸ ਉਤੇ ਟੀਕਾ ਟਿਪਣੀ ਕਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ। ਜੇ ਕੋਈ ਦੀਦਾ ਦਾਨਿਸਤਾ ਅਨੁਚਤ ਟੀਕਾ ਟਿਪਣੀ ਕਰ ਕੇ, ਇਹਨਾਂ ਵਿਚਲੇ ਸਿਧਾਂਤਾਂ ਨੂੰ ਛੁਟਿਆਰਨ ਜਾਂ ਇਹਨਾਂ ਵਿਚ ਗੰਧਲਾ ਪਾਉਣ ਦੀ ਕੋਸ਼ਸ਼ ਕਰਦਾ ਹੈ ਤਾਂ ਉਹ ਸਿਖ ਸ਼ਰਧਾਲੂਆਂ ਦੀ ਸ਼ਰਧਾ ਨੂੰ ਠੇਸ ਲਾ ਕੇ ਸਮੁੱਚੇ ਸਿਖ-ਜਗਤ ਦੀ ਕਰੋਪੀ ਸਹੇੜਨ ਦਾ ਦੋਸ਼ੀ ਬਣਦਾ ਹੈ। ਇਸੇ ਲਈ ਪੰਥਕ ਆਗੂਆਂ ਵਲੋਂ ਬਾਰ ਬਾਰ ਸਪੱਸ਼ਟ ਕੀਤਾ ਜਾ ਰਿਹਾ ਹੈ ਕਿ ਸਿਖ ਧਰਮ ਵਿਚ ਖੋਜ ਦੇ ਕੰਮ ਉਤੇ ਕੋਈ ਪਾਬੰਦੀ ਨਹੀਂ, ਬਸ਼ਰਤੇ ਕਿ ਖੋਜ ਇਕ ਜਗਿਆਸੂ-ਵਿਦਵਾਨ ਦੀ ਹੈਸੀਅਤ ਵਿਚ ਕੀਤੀ ਜਾਵੇ, ਨਾ ਕਿ ਇਕ ਸਮਾਜ ਸ਼ਾਸਤ੍ਰੀ ਜਾਂ ਨੀਤੀ-ਸ਼ਾਸਤ੍ਰੀ



www.AKJ.Org

ਦੀ ਹੈਸੀਅਤ ਵਿਚ। ਸ੍ਰੀ ਗੁਰੂ ਗ੍ਰੰਥ ਸਾਹਿਬ ਆਤਮ-ਗਿਆਨ ਦਾ ਭੰਡਾਰ ਹਨ। ਇਹਨਾਂ ਦੇ ਆਤਮ-ਗਿਆਨ ਨੂੰ ਨਿਜੀ ਤੌਰ ਤੇ ਗ੍ਰਹਣ ਕਰਨ ਅਤੇ ਦੂਜਿਆਂ ਵਿਚ ਪਰਸਾਰਨ ਦੀ ਲੋੜ ਹੈ, ਨਾ ਕਿ ਇਹਨਾਂ ਦਾ ਅਧਿਐਨ ਸਮਾਜਕ, ਵਿਗਿਆਨ ਜਾਂ ਨੀਤੀ ਵਿਗਿਆਨ ਦੇ ਝਰੋਖੇ 'ਚੋਂ ਕਰਨ ਦੀ। ਹਾਂ, ਜੇ ਕਿਸੇ ਸਿਖ ਵਿਦਵਾਨ ਨੂੰ ਗੁਰਬਾਣੀ ਵਿਚਲੇ ਸਿਧਾਂਤਾਂ ਸੰਬੰਧੀ ਆਪਣੇ ਤੌਰ ਤੇ ਕੁਝ ਸ਼ੰਕੇ ਹਨ ਤਾਂ ਉਸ ਨੂੰ ਜਗਿਆਸੂ ਦੇ ਤੌਰ 'ਤੇ ਇਨ੍ਹਾਂ ਸ਼ੰਕਿਆਂ ਦਾ ਸਮਾਧਾਨ ਸਿਖ-ਵਿਦਵਾਨ-ਮੰਡਲੀ ਪਾਸੋਂ ਕਰਾਉਣ ਦਾ ਯਤਨ ਕਰਨਾ ਚਾਹੀਦਾ ਹੈ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਿਆਨ ਯੋਗ—**

ਇਸ ਵਿਦਵਾਨ-ਮੰਡਲੀ ਦੀ ਸਥਾਈ ਸਥਾਪਨਾ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ, ਆਪਣੇ ਪ੍ਰਬੰਧ ਹੇਠ ਧਾਰਮਿਕ ਸਲਾਹਕਾਰ ਬੋਰਡ ਦੇ ਰੂਪ ਵਿਚ ਤੁਰਤ ਕਰਨੀ ਚਾਹੀਦੀ ਹੈ, ਅਤੇ ਅਜਿਹਾ ਕਰਦਿਆਂ ਇਹ ਯਕੀਨੀ ਬਣਾਣਾ ਚਾਹੀਦਾ ਹੈ ਕਿ ਇਸ ਧਾਰਮਿਕ ਸਲਾਹਕਾਰ ਬੋਰਡ ਵਿਚ ਕੇਵਲ ਅਜਿਹੇ ਵਿਦਵਾਨ ਹੀ ਸ਼ਾਮਲ ਕੀਤੇ ਜਾਣ, ਜੋ ਸਿਖ ਸਿਧਾਂਤ, ਸਿਖ ਇਤਿਹਾਸ ਅਤੇ ਸਿਖ ਪਰੰਪਰਾ ਤੋਂ ਪੂਰੀ ਤਰ੍ਹਾਂ ਜਾਣੂ ਹੋਣ ਤੋਂ ਇਲਾਵਾ ਸ਼ਰਧਾ-ਭਾਵਨੀ ਦੇ ਪੱਖੋਂ ਵੀ ਪੂਰੇ ਸੂਰੇ ਹੋਣ।

# ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵਿਸ਼ੇਸ਼ਤਾ

[ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਮੈਂਬਰ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਨਾ ਦਾ ਸਾਰਾ ਸਰੂਪ ਅੰਦਰੋਂ ਬਾਹਰੋਂ 'ਸੱਚ' ਨਾਲ ਸ਼ਿੰਗਾਰਿਆ ਹੋਇਆ ਹੈ। ਜਿਥੇ 'ਹਰਿ' ਦਾ ਵਾਸਾ ਹੈ, ਉਥੇ 'ਸੱਚ' ਵਰਤਦਾ ਹੈ। ਜਿੱਥੇ 'ਸੱਚ' ਵਰਤਦਾ' ਹੈ, ਉਥੇ ਸੱਚੀ ਤੇ ਸਚਿਆਰ ਬਾਣੀ ਦਾ ਹੀ ਹੀ ਪ੍ਰਕਾਸ਼ ਹੋ ਸਕਦਾ ਹੈ। ਜਿੱਥੇ 'ਸੱਚੀ' ਬਾਣੀ (ਬੋਲ) ਦਾ ਪ੍ਰਕਾਸ਼ ਹੋਵੇ, ਉਥੇ ਸਦਾ ਸਿਫਤ ਸਾਲਾਹ ਤੇ ਭਗਤਾਂ ਵਾਲਾ ਵਿਗਾਸ ਹੁੰਦਾ ਹੈ। ਇਹੀ ਕਾਰਨ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਸੱਚੀ-ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਸ੍ਰੀ ਹਰਿਮੰਦਰ ਸਾਹਿਬ ਵਿਚ ਕਿਸੇ ਕੱਚ-ਕੂੜਿ ਬੋਲ ਦੀ ਕੋਈ ਥਾਂ ਨਹੀਂ। ਅਤੇ ਨਾ ਹੀ ਬੁੱਧੀ-ਮੰਡਲ ਦੀਆਂ ਚਤੁਰਾਈਆਂ ਤੇ ਸਿਆਣਪਾਂ ਨੂੰ ਕੋਈ ਪਹਿਲ ਦਿੱਤੀ ਜਾਂਦੀ ਹੈ। ਸ੍ਰੀ ਹਰਿਮੰਦਰ ਸਾਹਿਬ ਸ਼ੁੱਧ ਸਰੂਪ ਵਿਚ ਸੱਚ-ਰੱਬ ਦੇ ਸਰੂਪ, ਪ੍ਰਕਾਸ਼, ਨਿਮਰਤਾ, ਮਿੱਠਤ, ਸੇਵਾ, ਸਿਮਰਨ, ਸਹਿਜ ਤੇ ਅਨੰਦ ਨਾਲ ਸ਼ਿੰਗਾਰੇ ਵਿਹਾਰ ਨੂੰ ਮੂਰਤੀਮਾਨ ਕਰਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਚੋਂ ਸੱਚ ਦੇ ਹਰ ਬੋਲ ਨੂੰ, ਉਹ ਭਾਵੇਂ ਆਰਤੀ ਦੇ ਰੂਪ ਵਿਚ ਹੈ, ਜਾਂ ਨਮਾਜ਼ ਦੇ ਰੂਪ ਵਿਚ, ਭਾਵੇਂ ਉਹ ਨਾਮਦੇਵ, ਰਵਿਦਾਸ, ਕਬੀਰ ਜੀ ਜਾਂ ਸਧਨਾ ਕਸਾਈ ਹਿੰਦੂ ਭਗਤਾਂ ਦਾ ਬੋਲ ਹੈ, ਜਾਂ ਬਾਬਾ ਫ਼ਰੀਦ ਵਰਗੇ ਮੁਸਲਮਾਨ ਦਰਵੇਸ਼ਾਂ ਦਾ ਬੋਲ ਹੈ, ਉਸ ਨੂੰ ਉਚੀ ਸੁਰ ਨਾਲ ਤੇ ਭਰਪੂਰ ਸਤਿਕਾਰ ਨਾਲ ਗਾਇਨ ਵੀ ਕੀਤਾ ਜਾ ਸਕਦਾ ਹੈ ਅਤੇ ਸੁਣਿਆ ਵੀ ਜਾ ਸਕਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇਦਰਸ਼ਨ-ਦੀਦਾਰ ਦਾ ਹਰ ਮਨੁੱਖ ਨੂੰ ਸੁਤੰਤਰ ਹੱਕ ਪ੍ਰਾਪਤ ਹੈ। ਇਥੇ ਮਾਨਵਤਾ ਨੂੰ ਵੰਡਣ ਵਾਲੇ ਰੂਪ-ਰੰਗ, ਜਾਤਿ-ਪਾਤਿ, ਜਨਮ-ਕਰਮ, ਵਰਨ-ਵੰਡ, ਬੋਲੀ-ਸਭਿਆਚਾਰ ਦੇ ਵਿਤਕਰੇ ਨੂੰ ਰੋਕ ਵਜੋਂ ਸਵੀਕਾਰ ਨਹੀਂ ਕੀਤਾ ਜਾਂਦਾ।

ਜਿਵੇਂ ਰੱਬ-ਸੱਚ ਸਾਰਿਆਂ ਦਾ ਸਾਂਝਾ ਹੈ, ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸੱਚ-ਰੱਬ ਵਾਂਗ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਨਾ ਵੀ ਅਜਿਹੇ ਢੰਗ ਨਾਲ ਕੀਤੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਸਮੁੱਚਾ 'ਦਰਬਾਰ' ਇਸ ਤਰ੍ਹਾਂ ਉਜਾਗਰ ਹੋ ਰਿਹਾ ਹੈ, ਜਿਵੇਂ ਇਹ ਸੱਚ-ਰੱਬ ਵਾਂਗ ਸੱਚੇ ਪਾਤਸ਼ਾਹ ਦਾ ਦਰਬਾਰ ਹੈ। ਪਿਛਲੇ ਚਾਰ ਸੌ ਸਾਲਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਸੱਚੇ ਪਾਤਿਸ਼ਾਹ ਦਾ ਦਰਬਾਰ ਹੀ ਪ੍ਰਮਾਣਿਤ ਤੇ ਸਥਾਪਿਤ ਹੋਇਆ ਹੈ।

ਜਦੋਂ ਗੁਰੂ ਅਰਜਨ ਦੇਵ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਬਾਰ ਬਾਰੇ ਅਨੁਭਵ ਮੂਰਤੀਮਾਨ ਕਰਦੇ ਹਨ, ਤਾਂ ਤੁਲਨਾਤਮਿਕ ਦ੍ਰਿਸ਼ਟੀ ਤੋਂ ਸਪੱਸ਼ਟ ਆਖਦੇ ਹਨ, ਕਿ "ਡਿਠੇ ਸਭੇ ਥਾਵ", ਪਰ "ਨਹੀ ਤੁਧੁ ਜੇਹਿਆ"। ਅਰਥਾਤ, ਸ੍ਰੀ ਹਰਿਮੰਦਰ ਸਾਹਿਬ ਵਰਗਾ ਕੋਈ ਸਥਾਨ ਨਹੀਂ। ਸ੍ਰੀ ਹਰਿਮੰਦਰ ਸਾਹਿਬ ਬਾਰੇ ਗੁਰੂ ਅਰਜਨ ਦੇਵ ਜੀ ਦਾ ਅਨੁਭਵ ਵਧੇਰੇ ਆਤਮਕ ਹੈ। ਜਿਹੜਾ ਸਥਾਨ ਪੁਰਖ ਬਿਧਾਤੇ ਨੇ ਸਿਰਜਿਆ-ਸੰਵਾਰਿਆ ਹੋਵੇ, ਗੁਰੂ ਪ੍ਰੰਪਰਾ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਉਹ ਸਥਾਨ ਸੁਹਾਵਾ ਵੀ ਹੁੰਦਾ ਹੈ, ਸ਼ੋਭਨੀਕ ਵੀ ਹੁੰਦਾ ਹੈ ਤੇ ਸਦਾ ਹਰਿਆਵਲਾ ਵੀ ਰਹਿੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਆਤਮਕ-ਸੁੰਦਰਤਾ, ਸ਼ੋਭਾ ਤੇ ਆਭਾ ਦਾ ਨਿਸਚੇ ਹੀ ਕੋਈ ਮੁਕਾਬਲਾ ਨਹੀਂ। ਮੰਦਰਾਂ ਦੇ ਇਤਿਹਾਸ ਵਿਚ ਵੀ ਸ੍ਰੀ ਹਰਿਮੰਦਰ ਸਾਹਿਬ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਪਰਤੱਖ ਹੀ ਹੈ ਅਤੇ ਸਥਾਪਿਤ ਵੀ ਹੈ। ਅੰਮ੍ਰਿਤਸਰ ਵਿਚ ਸਥਿਤ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਸੰਪੂਰਨ ਰੂਪ ਵਿਚ ਪ੍ਰਵਾਨ ਕਰਨ ਵਿਚ ਗੁਰੂ ਅਰਜਨ ਦੇਵ ਜੀ ਦਾ ਅਦੁੱਤੀ ਯੋਗਦਾਨ ਹੈ। ਸ੍ਰੀ ਹਰਿਮੰਦਰ ਸਾਹਿਬ ਨੂੰ ਸੁਨਹਿਰੀ ਰੂਪ ਦੇਣ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਪੰਥ ਵਿਚ ਪਰਵਾਨ ਹੈ। ਸ੍ਰੀ ਹਰਿਮੰਦਰ ਸਾਹਿਬ ਜਿੱਥੇ ਸਮੁੱਚੀ ਮਾਨਵਤਾ ਲਈ ਧਾਰਮਕ-ਆਜ਼ਾਦੀ ਦਾ ਸਰੋਤ ਹੈ, ਉਥੇ ਪੰਥ ਲਈ ਕੌਮੀ-ਕੇਂਦਰ ਦੀ ਮਹੱਤਤਾ ਦਾ ਪ੍ਰਤੀਕ ਵੀ ਹੈ।



www.AKJ.Org

# 'ਭਲਕੇ' ਅੰਮ੍ਰਿਤ ਵੇਲਾ

– ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ 'ਭਲਕੇ' ਉਠਿ ਹਰਿ ਨਾਮੁ ਧਿਆਵੈ ॥ (ਪੰਨਾ ੩੦੫/੧੬)
– 'ਭਲਕੇ' ਉਠਿ ਪਰਾਹੁਣਾ ਮੇਰੈ ਘਰਿ ਆਵਉ ॥ (ਪੰਨਾ ੩੧੮/੫)

ਗੁਰਬਾਣੀ ਤੇ ਭਾਈ ਗੁਰਦਾਸ ਜੀ ਅਨੁਸਾਰ 'ਭਲਕੇ' ਤੋਂ ਭਾਵ 'ਪਿਛਲੀ ਰਾਤ' ਹੈ, ਜਿਸ ਨੂੰ 'ਅੰਮ੍ਰਿਤ ਵੇਲਾ' ਵੀ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਫ਼ੁਰਮਾਨ ਹੈ :

– ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥ (ਪੰਨਾ ੯੮੯/੫)
– ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥੧੦੭॥ (ਪੰਨਾ ੧੩੮੩)
– ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਵੈ ਪਸਾਉ ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥ (ਪੰਨਾ ੧੪੬/੧੦)
– ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ ॥ (ਭਾ: ਗੁਰਦਾਸ ਜੀ. ੨੮/੧੫)
– ਕੁਰਬਾਣੀ ਤਿਨਾਂ ਗੁਰਸਿਖਾ ਪਿਛਲ ਰਾਤੀ ਉਠਿ ਬਹੰਦੇ ॥
ਕੁਰਬਾਣੀ ਤਿਨਾ ਗੁਰਸਿਖਾ ਅੰਮ੍ਰਿਤ ਵੇਲੇ ਸਰਿ ਨਾਵੰਦੇ ॥
ਕੁਰਬਾਣੀ ਤਿਨਾ ਗੁਰਸਿਖਾ ਹੋਇ ਇਕ ਮਨਿ ਗੁਰ ਜਾਪੁ ਜਪੰਦੇ ॥ (ਵਾਰ ੧੨/੨)

**ਪਿਛਲੀ** ਰਾਤ ਤੋਂ ਭਾਵ ਹੈ, 'ਰਾਤ ਦਾ ਪਿਛਲਾ ਪਹਿਰ', ਅਥਵਾ 'ਰਾਤ ਦਾ ਚਉਥਾ ਪਹਿਰ।' ਇਹ ਚਉਥਾ **ਪਹਿਰ** ਜਾਂ ਪਿਛਲ ਰਾਤ ਅਰੰਭ ਹੁੰਦੀ ਹੈ ਰਾਤ ਦੇ ਦੋ ਵਜੇ ਤੋਂ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਵੀ **'ਰੰਗਲੇ ਸੱਜਣ'** ਪੁਸਤਕ ਵਿਚ ਅੰਮ੍ਰਿਤ ਵੇਲੇ ਦਾ ਸਮਾਂ ਦੋ ਵਜੇ ਹੀ ਲਿਖਿਆ ਹੈ–

(ੳ) "ਇਆਣੇ ਵੀਰ ਪ੍ਰੀਤਮ ਸਿੰਘ ਜੀ–ਦਿਨ ਰਾਤ ਨਾਮ ਅਭਿਆਸ ਵਿਚ ਗੁਟ-ਮਸਤੁਸਟ ਹੀ ਰਿਹਾ ਕਰਦੇ। ਹੱਥੀਂ ਕਾਰ ਕਰਨੀ, ਚਿਤ ਹਰ ਦਮ ਨਿਰੰਕਾਰ-ਸਾਈਂ ਵਾਹਿਗੁਰੂ ਦੇ ਨਾਮ ਵਿਚ ਹੀ ਪ੍ਰੋਤੇ ਰਖਣਾ, ਅੰਮ੍ਰਿਤ ਵੇਲੇ ਦੋ ਵਜੇ ਜਾਗ ਕੇ ਇਸ਼ਨਾਨ ਕਰਨਾ ਅਤੇ ਚਾਰ ਵਜੇ ਤਕ ਬਾਣੀ ਦੇ ਪਾਠ ਦਾ ਨਿਤਨੇਮ ਨਿਭਾਉਣਾ।"

ਪੰਨਾ ੧੪੪

(ਅ) "ਹਰੀ ਨਾਮ ਦੀ ਜੁੜਤਾ ਵਿਚ ਜੁੜਨ-ਹਾਰੇ ਅੰਮ੍ਰਿਤ ਵੇਲੇ ਉਠਣ ਦੇ ਆਸ਼ਕ ਜਨ ਦੋ ਵਜੇ ਤੋਂ ਹੀ ਸੌਚ ਇਸ਼ਨਾਨ ਕਰ ਕੇ ਤੇ ਨਿਤਨੇਮ ਬਾਣੀ ਨਾਮ ਦੇ ਰੰਗ ਚਾੜ੍ਹ ਕੇ ਜਿਉਂ ਜਿਉਂ ਆ ਕੇ ਸਮਾਗਮ ਵਿਚ ਜੁੜਦੇ ਜਾਣ ਤਿਉਂ ਤਿਉਂ ਕੀਰਤਨ-ਆਤਮ-ਰੰਗਾਂ ਦੀ ਖੇਡ ਦੂਣ ਸਵਾਈ ਖੇਡੀ ਜਾਵਣ ਲਗੀ।" ਪੰਨਾ ੧੨੪-੨੫

ਵੈਸੇ ਨਾਮ ਬਾਣੀ ਦਾ ਆਨੰਦ ਮਾਣਨ ਲਈ ਵਧੇਰੇ ਸਮਾਂ ਲਾਉਣ ਉਤੇ ਕੋਈ ਪਾਬੰਦੀ ਨਹੀਂ। ਪਰ ਗੁਰਬਾਣੀ ਦੀ ਰੋਸ਼ਨੀ ਅਤੇ ਖਾਲਸਾ ਪਰੰਪਰਾ ਅਨੁਸਾਰ ਅੰਮ੍ਰਿਤ ਵੇਲੇ ਦੀ ਮਹੱਤਤਾ ਪਿਛਲੀ ਰਾਤ, ਰਾਤ ਦੇ ਚੌਥੇ ਪਹਿਰ ਅਥਵਾ ਦੋ ਵਜੇ ਤੋਂ ਦਸੀ ਗਈ ਮਿਲਦੀ ਹੈ। ਤਾਂ ਤੇ ਜੀਵਨ ਸਫਲ ਕਰਨ ਹਿਤ ਹਰੇਕ ਗੁਰਸਿਖ ਲਈ ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ ਅਵਲੀਨ ਫ਼ਰਜ਼ ਹੈ।


# ਰਾਗਮਾਲਾ ਬਾਰੇ ਵਿਚਾਰ

ਰਾਗਮਾਲਾ ਦੀ ਅਸਲੀਅਤ ਨੂੰ ਸਮਝਣ ਲਈ ਇਸ ਟਰੈਕਟ ਵਿਚ ਦਿਤੇ ਭਾਈ ਕਾਨ੍ਹ ਸਿੰਘ ਜੀ ਨਾਭਾ, ਪ੍ਰੋ: ਪਿਆਰਾ ਸਿੰਘ ਜੀ ਪਦਮ, ਭਾ: ਸਾ: ਰਣਧੀਰ ਸਿੰਘ ਜੀ, ਸ: ਸ਼ਮਸ਼ੇਰ ਸਿੰਘ ਅਸ਼ੋਕ, ਵੈਦਰਾਜ ਗਿ: ਅਰਜਨ ਸਿੰਘ ਜੀ ਅਤੇ ਹੋਰ ਵਿਦਵਾਨਾਂ ਦੇ ਖੋਜ-ਪੂਰਤ ਵਿਚਾਰ ਪੜ੍ਹੋ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਇਹ ਤੱਥ ਸਪੱਸ਼ਟ ਤੌਰ ਤੇ ਉਘੜ ਆਉਂਦਾ ਹੈ ਕਿ 'ਰਾਗਮਾਲਾ ਗੁਰਬਾਣੀ ਹੈ' ਜਾਂ ਨਹੀਂ। ਇਸ ਨੂੰ ਆਪ ਪੜ੍ਹੋ ਅਤੇ ਹੋਰਨਾਂ ਵੀਰਾਂ ਭੈਣਾਂ ਨੂੰ ਪੜ੍ਹਾਓ। ਭੇਟਾ ਕੇਵਲ ੨-੦੦





www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ ਮੁਗ਼ਲਾਂ ਜ਼ਹਿਰ ਪਿਆਲੇ ਪੀਤੇ (੪੦)

[ਕੈਪਟਨ ਸਵਰਨ ਸਿੰਘ ਜੀ]

**ਯਾਹੀਯਾ ਖ਼ਾਨ ਦਾ ਆਪਣੇ ਪੈਰ ਕੁਹਾੜਾ–**

ਯਾਹੀਯਾ ਖਾਨ ਭਾਵੇਂ ਆਪਣੇ ਪਿਉ ਵਰਗਾ ਤਜਰਬੇਕਾਰ ਤੇ ਹੁਸ਼ਿਆਰ ਹਾਕਿਮ ਤਾਂ ਨਹੀਂ ਸੀ, ਪਰ ਉਸ ਨੇ ਸਿੰਘਾਂ ਨਾਲ ਵੈਸਾ ਹੀ ਆਢਾ ਲਾਈ ਰਖਿਆ। ਉਤੋਂ ਭਾਵੇਂ ਕੁਝ ਵੀ ਸੀ, ਪਰ ਵਿਚੋਂ ਸਿੰਘਾਂ ਦਾ ਸਤਿਆਨਾਸ ਹੀ ਚਿਤਵਦਾ ਸੀ। ਦਰਬਾਰ ਵਿਚ ਮੁਲਾਣਿਆਂ ਮੁਫ਼ਤੀਆਂ ਦਾ ਜਨੂੰਨ ਅਤੇ ਤੁਅੱਸਬ ਪਹਿਲਾਂ ਵਾਂਗ ਹੀ ਕਾਇਮ ਸੀ। ਯਾਹੀਯਾ ਖਾਨ ਦਾ ਢਿੱਲਾ ਪ੍ਰਸ਼ਾਸਨ ਤੇ ਖਾਲਸੇ ਦੀ ਤਾਕਤ ਦਾ ਵਾਧਾ ਮੌਲਵੀਆਂ ਦੀ ਕੋਈ ਪੇਸ਼ ਨਹੀਂ ਸੀ ਜਾਣ ਦੇਂਦਾ। ਉਨ੍ਹਾਂ ਦੇ ਦਿਲ ਦੀਦਿਆਂ ਨੂੰ ਠੰਡ ਤਦੇ ਪੈਂਦੀ ਸੀ ਜੇ ਸਿੰਘ ਅਤੇ ਉਨ੍ਹਾਂ ਦੇ ਪਰਵਾਰਾਂ ਦੇ ਛੋਟੇ ਮੋਟੇ ਸਭ ਜੀਅ, ਸੰਗਲ ਘੱਤ ਨਖਾਸ ਚੌਕ ਵਿਚ ਲਿਜਾ, ਤਸੀਹੇ ਦੇ ਦੇ ਕੇ ਹਲਾਲ ਕੀਤੇ ਜਾਣ, ਸਰੀਰ ਲੁੱਛਣ, ਅੰਗ ਅੰਗ ਤੜਫੇ ਤੇ ਖ਼ੂਨ ਦੇ ਰੋੜ੍ਹ ਵਗਣ। ਇੰਜ ਇਸਲਾਮ ਦੀ ਸੇਵਾ ਹੋਵੇ ਤੇ ਮੌਲਾਣਿਆਂ ਦੇ ਬਿਸਤਰੇ ਬਹਿਸ਼ਤਾਂ ਵਿਚ ਪੱਕੀ ਤਰ੍ਹਾਂ ਵਿਛ ਜਾਣ ਅਤੇ ਸੇਵਾ ਨੂੰ ੭੨ ਹੂਰਾਂ ਤੇ ਨਾਲ ਅਣਦਾੜ੍ਹੀਏ ਲੌਂਡੇ ਹੋਣ। ਬਾਨੀਏ-ਇਸਲਾਮ ਤੋਂ ਡੇਢ ਕੁ ਸੌ ਸਾਲ ਪਿਛੋਂ ਤੱਕ ਹਾਲਾਤ ਕੁਝ ਠੀਕ ਰਹੇ ਤੇ ਫਿਰ ਇਸਲਾਮ ਚੜ੍ਹ ਗਿਆ ਟੇਟੇ ਮੌਲਾਣਾ-ਵਾਦ ਦੇ। ਸਾਢੇ ਬਾਰ੍ਹਾਂ ਸੌ ਸਾਲ ਮੁਸਲਮਾਨ ਬਾਦਸ਼ਾਹਾਂ ਦੀ ਗਰਦਨ ਤੇ ਮੌਲਾਣਾ ਸੁਆਰ ਹੋ ਗਿਆ। ਬੱਸ ਫਿਰ ਰੱਬ ਦਵੇ ਤੇ ਬੰਦਾ ਲਵੇ। ਮੂਰਖ ਬਾਦਸ਼ਾਹਾਂ ਨੂੰ ਰੱਬ ਦਾ ਪਰਛਾਵਾਂ ਦਸ ਦਸ ਕੇ, ਇਸਲਾਮ ਦੇ ਵਾਧੇ ਨੂੰ ਉਸ ਦਾ ਸਭ ਤੋਂ ਵੱਡਾ ਦੀਨੀ ਫ਼ਰਜ਼ ਦੱਸ ਕੇ, ਤਰ੍ਹਾਂ ਤਰ੍ਹਾਂ ਦੀਆਂ ਤੁਖਣਾ ਦੇ ਦੇ ਗ਼ੈਰ-ਮੁਸਲਮਾਨਾਂ ਦਾ ਜੀਵਨ ਨਰਕ ਬਣਾ ਛਡਿਆ। ਤੁੱਛ ਬਹਾਨਿਆਂ ਨਾਲ ਗ੍ਰਿਫ਼ਤਾਰੀ, ਫਿਰ ਫਤਵਾ "ਇਸਲਾਮ ਜਾਂ ਮੌਤ" ਦਾ ਦਸਤੂਰ ਪ੍ਰਚੱਲਤ ਰਿਹਾ। ਕਮਜ਼ੋਰ ਮਨਾਂ ਵਾਲੇ ਧਰਮ ਤਿਆਗ ਗਏ। ਧਰਮ-ਡੋਬੂ ਜ਼ੁਲਮੀ ਕਾਂਗ ਦਾ ਸੈਲਾਬ ਆ ਗਿਆ। ਇੱਜ਼ਤ ਆਬਰੂ, ਅਣਖ ਤੇ ਮਾਣ ਮਰਿਆਦਾ ਤੇ ਬਾਹੂ-ਬਲ ਸਭ ਰੁੜ੍ਹ ਪੁੜ੍ਹ ਗਿਆ। ਅਖੌਤੀ ਧਰਮ ਦੇ ਠੇਕੇਦਾਰ ਚੂਹਿਆਂ ਵਾਂਗ ਖੁਡਾਂ ਵਿਚ ਘੁਸ ਗਏ। ਜਿਨ੍ਹਾਂ ਦੀਆਂ ਕਮਾਈਆਂ ਖਾ ਖਾ ਦੇਹਾਂ ਵਧਾਈਆਂ ਸਨ ਤੇ ਮੌਜਾਂ ਕਰਿਆ ਕਰਦੇ ਸਨ, ਭੀੜ ਪਈ ਤੇ ਉਨ੍ਹਾਂ ਨੂੰ ਦਗ਼ਾ ਦੇ ਗਏ, ਪਿਠ ਵਿਖਾ ਪਹਾੜਾਂ ਦੀਆਂ ਕੰਦਰਾਂ ਵਿਚ ਜਾ ਸਿਰ ਲੁਕੋਏ। ਹਿੰਦੁਸਤਾਨ ਉਤੇ ਕਾਸਿਮ ਦੇ ਹਮਲੇ ਤੋਂ ਲੈ ਕੇ ਇਕ ਹਜ਼ਾਰ ਸਾਲ ਤਕ ਮੁਲਾਣਾ-ਵਾਦ ਨੇ ਕੀ ਕੀ ਜ਼ੁਲਮ ਢਾਏ, ਇਹ ਇਕ ਬੜੀ ਲੰਮੀ ਖ਼ੂਨੀ ਦਾਸਤਾਨ ਹੈ।੧ ਪਤਾ ਨਹੀਂ ਇਹ ਸਿਲਸਿਲਾ ਕਿਥੋਂ ਕੁ ਤੱਕ ਚਲਦਾ, ਜੇ ਇਕ ਸ਼ੇਰ ਮਰਦ ਸਿੰਘ-ਗਰਜਣਾ ਨਾਲ ਇਸ ਨੂੰ ਵੰਗਾਰਦਾ ਨਾ ਤੇ ਠਲ੍ਹ ਨਾ ਪਾਉਂਦਾ।

ਅਣਖਹੀਣ, ਸਾਹਿਸਹੀਣ ਤੇ ਬਲ ਹੀਣ ਹੋ ਕੇ ਅਧਮੋਈ ਹੋਈ ਪਈ ਕੌਮ ਨੇ ਕੇਸਗੜ੍ਹ ਦੀ ਪਹਾੜੀ ਤੋਂ ਇਕ ਸਿੰਘ ਨਾਦ ਸੁਣਿਆ, ਜਿਸ ਨੇ ਮੁਰਦਾ ਦਿਲਾਂ ਵਿਚ ਅਜਿਹੀ ਨਵੀਂ ਰੂਹ ਫੂਕ ਦਿਤੀ ਕਿ ਸਾਹਿਸ, ਅਣਖ, ਨਿਰਭੈਤਾ, ਹਠ, ਸੇਵਾ, ਦੇਸ਼ ਧਰਮ ਲਈ ਕੁਰਬਾਨੀ ਤੇ ਮਜ਼ਲੂਮਾਂ ਦੀ ਰਖਿਆ ਲਈ ਜੂਝ ਮਰਨ ਦਾ ਜਜ਼ਬਾ ਸੀਨਿਆਂ ਵਿਚ ਠਾਠਾਂ ਮਾਰਨ ਲੱਗਾ। ਇਤਿਹਾਸ ਦਾ ਰੁਖ਼ ਬਦਲ ਦੇਣ ਲਈ ਡੌਲੇ ਫਰਕਣ ਲੱਗੇ। ਚਿਹਰਿਆਂ ਤੇ ਲਾਲੀਆਂ ਚੜ੍ਹ ਗਈਆਂ। ਚਿੜੀਆਂ ਤੇ ਮਮੋਲਿਆਂ ਨੇ ਬਾਜ਼ਾਂ ਦੀਆਂ ਜੀਭਾਂ ਖਿਚ ਲਈਆਂ। ਇਹ ਸੀ ਦਸਮੇਸ਼ ਦੇ ਬਾਟਿਓਂ ਛਕੇ ਪੰਜਾਂ ਚੁਲਿਆਂ ਦਾ ਅਸਰ। ਛਕਣ ਵਾਲਿਆਂ ਦੀ ਰੂਹ ਤੇ ਕਾਇਆਂ-ਕਲਪ ਹੋ ਗਈ। ਉਠੇ ਫੜ ਕੇ ਸ਼ਸਤਰ ਅਤੇ ਇਕੱਲਾ ਇਕੱਲਾ ਸਵਾ ਸਵਾ ਲੱਖ ਨਾਲ ਲੜਨ ਮਰਨ ਲਈ ਡਟਣ ਲਗ ਪਿਆ। ਲਕੀਰ ਖਿੱਚੀ ਗਈ। ਇਕ ਪਾਸੇ ਮੁਗਲ ਹਕੂਮਤ ਦਾ ਅਥਾਹ ਬਲ ਤ੍ਰਾਣ ਅਤੇ ਨਸ਼ਾ, ਬਾਹਰਲੇ ਧਾੜਵੀਆਂ ਦੀ ਤਾਕਤ ਅਤੇ ਹਲਾ-ਸ਼ੇਰੀ, ਦੂਸਰੇ ਪਾਸੇ ਕਲਗੀਧਰ ਦਾ ਸਿਰਜਿਆ ਖਾਲਸਾ। ਅਜੀਬ ਟੱਕਰ ! ਸੂਰਮਿਆਂ ਸਮੇਂ ਦਾ ਧਾਰਾ ਮੋੜ ਦਿਤਾ। ਸਾਈਂ ਜੀ (ਸਾਈਂ ਬੁਲ੍ਹੇ ਸ਼ਾਹ) ਨੇ ਖਾਲਸੇ ਨੂੰ ਤੇਗਾਂ ਝਲਦਿਆਂ ਤੇ ਮਾਰਦਿਆਂ ਵੇਖਿਆ। ਹਰ ਕਤਲਾਮ ਤੋਂ ਬਾਅਦ ਖਾਲਸਾ ਦੂਣਾ ਚੌਣਾ ਹੋ ਕੇ ਜ਼ਿਆਦਾ ਰੋਹ ਨਾਲ ਉਠਿਆ। ਭਾਵੇਂ ਮੁਗਲ ਹਕੂਮਤ ਦਾ


www.AKJ.Org

ਜ਼ੁਲਮ ਜਬਰ ਸਭ ਹੱਦ-ਬੰਨੇ ਟੱਪ ਗਿਆ ਸੀ, ਪਰ ਸਿੰਘਾਂ ਦੇ ਹੱਠ ਤੇ ਸਬਰ ਨੂੰ ਨਾ ਤੋੜ ਸਕਿਆ ।

ਜਿਨ੍ਹਾਂ ਦੇ ਪੁਰਖਿਆਂ ਕਦੇ ਮਿਆਨੇ ਨਾ ਕੀਤੀਆਂ, ਨਾ ਰੱਜ ਖਾਧਾ ਨਾ ਚੱਜ ਦਾ ਹੰਢਾਇਆ, ਕਿਤੇ ਮੰਜਿਆਂ ਤੇ ਪੈ ਕੇ ਨਾ ਸੌਂ ਵੇਖਿਆ, ਭੂਰਿਆਂ ਵਿਚ ਹੀ ਵਿਚਰਦੇ ਸਿਰਾਂ ਨਾਲ ਨਿਭਾ ਗਏ, ਉਨ੍ਹਾਂ ਦੀਆਂ ਤੇਗਾਂ ਸੰਭਾਲਣ ਵਾਲੇ ਪਿਛਾਂਹ ਕਿਵੇਂ ਰਹਿੰਦੇ। ਅੱਜ ਖਾਲਸੇ ਨੇ ਆਪਣੇ ਆਪ ਨੂੰ ਜਥੇਬੰਦਕ ਢੰਗ ਨਾਲ ਸਨਮੁਖ ਡਟ ਕੇ ਮੁਗਲਾਂ ਨੂੰ ਦਮੋਂ ਕਢਣ ਦੀ ਸੋਚੀ। ਪਿਛੇ ਵਰਨਣ ਕੀਤੇ ੩੦ ਜਥੇ ਸਾਰੇ ਦੇਸ ਵਿਚ ਖਿਲਰ ਕੇ ਲੁਟ ਮਾਰ ਕਰਨ ਲੱਗੇ। ਜਿਸ ਨੇ ਚੁਪ ਚਾਪ ਈਨ ਮੰਨ ਕੇ ਨਜ਼ਰ ਨਿਆਜ਼ ਭੇਟਾ ਕਰ ਦਿਤੀ, ਉਹ ਬਚਿਆ ਰਿਹਾ, ਪਰ ਜੋ ਅੜਿਆ, ਝਾੜ ਦਿਤਾ ਗਿਆ। ਮਿਥ ਮਿਥ ਕੇ ਵੱਡੇ ਜ਼ਗੀਰਦਾਰਾਂ, ਚੌਧਰੀਆਂ, ਲੰਬਰਦਾਰਾਂ, ਜੋ ਆਪਣੇ ਆਪ ਨੂੰ ਮੁਗਲ ਸਰਕਾਰ ਦੇ ਥੰਮ੍ਹ ਮਿਥਦੇ ਸਨ, ਪਾਸੋਂ ਮੂੰਹ ਮੰਗੇ ਟਕੇ ਵਸੂਲੇ। ਮੁਖਬਰਾਂ ਤੇ ਮੁਲਾਣਿਆਂ ਅਤੇ ਉਨ੍ਹਾਂ ਚੋਧਰੀਆਂ, ਜੋ ਮੁਗਲ ਸਰਕਾਰ ਦੇ ਜ਼ਿਆਦਾ ਹੇਜਲੇ ਤੇ ਸਿੰਘਾਂ ਦੇ ਵੱਡੇ ਦੋਖੀ ਸਨ, ਨੂੰ ਚੰਗੀ ਤਰ੍ਹਾਂ ਸੋਧਿਆ, ਘਰ-ਬਾਰ ਲੁਟੇ ਤੇ ਫੂਕੇ। ਸਿੰਘਾਂ ਨੂੰ ਇਨ੍ਹਾਂ ਤੇ ਜ਼ਿਆਦਾ ਗੱਚ ਇਸ ਕਰਕੇ ਸੀ ਕਿਉਂ ਜੁ ਇਨ੍ਹਾਂ ਹੀ ਉਨ੍ਹਾਂ ਤੇ ਉਨ੍ਹਾਂ ਦੇ ਟੱਬਰਾਂ ਨੂੰ ਘਰਾਂ ਤੋਂ ਉਜਾੜ ਕੇ ਜੰਗਲਾਂ ਵਿਚ ਰਹਿਣ ਲਈ ਮਜਬੂਰ ਕੀਤਾ ਸੀ। ਪਿੰਡਾਂ ਦੇ ਛੋਟੇ ਮੋਟੇ ਮੌਲਵੀ, ਕਸਬਿਆਂ ਤੇ ਸ਼ਹਿਰਾਂ ਦੇ ਕਾਜ਼ੀ ਤੇ ਮੁਲਾਣੇ "ਲਾਹਵਲ" ਪੜ੍ਹਦੇ ਘਰ ਬਾਰ ਛਡ ਕੇ ਲਾਹੌਰ ਆਣ ਇਕੱਠੇ ਹੋਏ। ਖੜਕਦੇ ਸੁੰਬ, ਘੋੜਿਆਂ ਦੀ ਹਿਣਹਿਣਾਹਟ ਤੇ ਸਿੰਘਾਂ ਦੇ ਜੈਕਾਰਿਆਂ ਦੀ ਗੂੰਜ ਸੁਣ ਕੇ ਮੁਲਾਣਿਆਂ ਦਾ ਤੌਬਿਆਂ ਵਿਚ ਹੀ ਬੋਲ ਨਿਕਲ ਜਾਂਦਾ। ਪਈ ਤੇ ਕੌਣ ਕਿਸੇ ਦੀ ਧੀਰ ਬੰਨ੍ਹਾਵੇ। ਉਹ ਲੋਕ, ਜੋ ਮਸੀਤਾਂ ਵਿਚ ਵਾਅਜ਼ ਕਰਦੇ ਫ਼ੁਰਮਾਉਂਦੇ ਸਨ ਕਿ "ਇਸਲਾਮ ਦੁਸ਼ਮਨ ਕੱਫ਼ਾਰ ਕੇ ਖ਼ਿਲਾਫ਼ ਜਹਾਦ ਹਰ ਮੁਸਲਮਾਨ ਪਰ ਫ਼ਰਜ਼ ਹੈ, ਇਸ ਸੇ ਸਵਾਬ ਹਾਸਿਲ ਹੋਤਾ ਹੈ। ਫ਼ੀ ਸਬੀਲ ਅੱਲਾ ਜਹਾਦ ਮੇਂ ਮਰਨੇ ਸੇ ਸ਼ਹਾਦਤ ਕਾ ਮਰਤਬਾ ਮਿਲਤਾ ਹੈ। ਸ਼ਹੀਦ ਕੇ ਲੀਏ ਜੱਨਤ ਕਾ ਦਰਵਾਜ਼ਾ ਖੁਲ੍ਹਾ ਹੈ। ਜੱਨਤ ਕੇ ਮੇਵੇ, ਕੌਸਰੋ ਤਸਨੀਮ ਕੀ ਨਹਿਰੋਂ ਸੇ ਭਰੇ ਹੂਏ ਖ਼ੁਮ (ਪਿਆਲੇ) ਪੀਨੇ ਕੋ ਔਰ ਖਿਦਮਤ ਕੇ ਲੀਏ ੭੨ ਹੂਰੇਂ ਔਰ ਬਹੁਤ ਸੇ ਗਿਲਮਾਨ (ਅਨ-ਦਾੜ੍ਹੀਏ ਖ਼ੂਬਸੂਰਤ ਛੋਕਰੇ) ਹਮੇਸ਼ਾ ਪਾਸ ਹਾਜ਼ਰ ਰਹੇਂਗੇ ।" ਇੰਜ ਦੂਜਿਆਂ ਨੂੰ ਉਭਾਰ ਕੇ ਬਲਦੀ ਦੇ ਬੁੱਥੇ ਡਾਹ, ਹੂਰਾਂ ਗਿਲਮਾਨਾਂ, ਬਹਿਸ਼ਤੀ ਮੇਵਿਆਂ ਤੇ ਕੌਸਰੋ ਤਸਨੀਮ 'ਚੋਂ ਭਰ ਭਰ ਸ਼ਰਾਬ ਦੇ ਪਿਆਲੇ ਪੀਣ ਦਾ ਲਾਲਚ ਦੇ ਕੇ ਮਾਸੂਮਾਂ ਨੂੰ ਮਰਵਾਉਣ ਵਾਲਿਆਂ ਦੇ ਜੇ ਕਿਤੇ ਕੰਨੀਂ ਭਿਣਖ ਪੈ ਜਾਂਦੀ ਕਿ ਜੱਨਤ ਦਾ ਪਰਵਾਨਾ ਰਾਹਦਾਰੀ ਦੇ ਕੇ ਤੋਰਨ ਵਾਲੇ ਸਿੰਘ ਇਧਰ ਲਾਗੇ ਛਾਗੇ ਫਿਰਦੇ ਹਨ ਤਾਂ ਜੱਨਤ ਦਾ ਸ਼ਬਦ ਸੰਘ 'ਚਿ ਹੀ ਅਟਕ ਜਾਂਦਾ। ਅਧਖੜ ਤੇ ਬੁਢੇ ਬੁਢੇ ਸ਼ੈਖ, ਮੁਰੀਦ ਤਾਂ ਕਿਧਰੇ ਰਹੇ, ਬਾਲ ਬੱਚੇ ਨੂੰ ਵੀ ਪਿਛੇ ਛੱਡ ਕੇ ਸ਼ਹਿਰਾਂ ਨੂੰ ਭਜਣ ਵਿਚ ਹਰਨਾਂ ਨੂੰ ਮਾਤ ਪਾ ਜਾਂਦੇ। ਜੇ ਕਿਤੇ ਬਧੇ ਹੁੰਦੇ ਤਾਂ ਸੰਗਲ ਵੀ ਤੁੜਵਾ ਜਾਂਦੇ। ਹੂਰਾਂ, ਗਿਲਮਾਨਾਂ, ਮੇਵਿਆਂ ਤੇ ਕੌਸਰ ਦੀ ਸ਼ਰਾਬ ਦਾ ਚੇਤਾ ਵੀ ਨਾ ਆਉਂਦਾ।

ਸਿੰਘਾਂ ਨੇ ਹਰ ਛੋਟੀ ਮੋਟੀ ਵਧੀਕੀ ਦਾ ਪੂਰਾ ਹਿਸਾਬ ਲਿਆ। ਅੱਜ ਆਹ ਪਿੰਡ ਸਾਫ਼ ਕੀਤਾ ਗਿਆ, ਕਲ੍ਹ ਫਲਾਣਾ ਪਿੰਡ ਮਾਂਜਿਆ ਗਿਆ, ਪੈ ਗਏ ਦੇਣੇ ਹਿਸਾਬ। ਸੁੱਤੇ ਪਏ ਵੀ ਬੜਾਉਣ ਕਿ ਸਿੰਘ ਆ ਪਏ, ਸਿੰਘ ਆ ਪਏ, ਬਚਾਓ ! ਬਚਾਓ !! ਸਾਰੇ ਪੰਜਾਬ ਵਿਚ ਆਵਾ-ਜਾਈ ਰੁਕ ਗਈ। ਹਰ ਤਰ੍ਹਾਂ ਦਾ ਵਣਜ ਵਪਾਰ ਤੇ ਹੋਰ ਕਾਰ ਵਿਹਾਰ ਬੰਦ ਹੋ ਗਿਆ। ਪਿੰਡਾਂ ਤੋਂ ਹੱਟ ਸਿੰਘ ਕਸਬਿਆਂ ਸ਼ਹਿਰਾਂ ਦੀ ਵੀ ਖ਼ਬਰ ਸਾਰ ਲੈਣ ਲੱਗ ਪਏ।

**ਸਿੰਘਾਂ ਲਾਹੌਰ ਲੁਟਿਆ–**

ਸਿੰਘਾਂ ਦੇ ਹੱਲੇ ਹੁਣ ਏਨੇ ਦਲੇਰਾਨਾ ਹੋ ਗਏ ਸਨ ਕਿ ਇਕ ਦਿਨ ਲਾਹੌਰ ਉਤੇ ਵੀ ਜਾ ਪੰਜਾ ਮਾਰਿਆ। ਇਹ ਗੱਲ ਆਰੰਭ ੧੭੪੬ ਦੀ ਹੈ। ਠੰਡ ਆਪਣੇ ਜੋਬਨ ਤੇ ਸੀ। ਸਿੰਘਾਂ ਦਾ ਇਕ ਤਕੜਾ ਜਥਾ ਗੋਇੰਦਵਾਲ ਦਾ ਪੱਤਣ ਲੰਘ ਕੇ, ਮਾਝੇ ਵਿਚ ਦੀ ਵਿਚਰਦਾ ਹੋਇਆ, ਛਾਂਗੇ ਮਾਂਗੇ ਦੇ ਉੱਤਰ ਵਲ ਦੀ ਹੋ ਕੇ, ਲਾਹੌਰ ਲਾਗੇ ਦੋ ਕੁ ਕੋਹਾਂ ਦੀ ਵਿਥ ਤੇ ਜਾ ਨਿਕਲਿਆ। ਜਨਵਰੀ ੧੭੪੬ ਈ: ਦੀ ਇਕ ਸ਼ਾਮ ਨੂੰ ਇਸ ਜਥੇ ਵਿਚੋਂ ਇਕ ਛੋਟਾ ਜਥਾ ਭੇਸ ਬਦਲ ਕੇ ਮੋਚੀ ਦਰਵਾਜ਼ਿਓਂ ਲਾਹੌਰ ਦੇ ਸਰਾਫ਼ਾ-ਬਾਜ਼ਾਰ ਜਾ ਵੜਿਆ। ਬਾਜ਼ਾਰ ਦੇ ਦੋਵੇਂ ਸਿਰੇ ਰੋਕ ਲਏ। ਠੰਡ ਦਾ ਮੌਸਮ, ਦੁਕਾਨਦਾਰ ਦੀਵੇ ਜਗਾਈ ਦੁਕਾਨਾਂ ਵਿਚ ਦਬਕੇ ਬੈਠੇ ਸਨ। ਕੋਈ ਟਾਵਾਂ ਟਾਵਾਂ

ਦੁਕਾਨ ਬੰਦ ਕਰਨ ਦੇ ਆਹਰ ਵਿਚ ਸੀ। ਕਿਸੇ ਨਹੀਂ ਪਛਾਤਾ ਕਿ ਇਹ ਘੋੜ-ਸੁਆਰ ਕੌਣ ਹਨ, ਲੋਕਾਂ ਦੇ ਖਿਆਲ ਵਿਚ ਇਹ ਮੁਗਲ ਫੌਜ ਦਾ ਹੀ ਕੋਈ ਦਸਤਾ ਹੈ ਤੇ ਸ਼ਹਿਰ ਦੀ ਰਖਵਾਲੀ ਵਜੋਂ ਚੱਕਰ ਲਗਾ ਰਿਹੈ। ਸਿੰਘਾਂ ਨੇ ਥੋੜੇ ਸਮੇਂ ਵਿਚ ਹੀ ਬਾਜ਼ਾਰ ਨੂੰ ਚੰਗੀ ਤਰ੍ਹਾਂ ਛਾਣਾ ਮਾਰ ਕੇ ਲੱਖਾਂ ਦਾ ਮਾਲ ਬੰਨ੍ਹ ਲਿਆ। ਸ਼ਹਿਰ ਦੀਆਂ ਰਖਵਾਲਿਆਂ ਨੂੰ ਖਬਰ ਕਿਵੇਂ ਹੁੰਦੀ, ਦੋਵੇਂ ਸਿਰੇ ਤਾਂ ਰੋਕੇ ਹੋਏ ਸਨ। ਸਰਕਾਰ ਨੂੰ ਹੋਰ ਵੱਡਾ ਝਟਕਾ ਦੇਣ ਲਈ, ਏਥੇ ਹੀ ਜੋ ਮੌਲਾਣਿਆਂ ਮੁਫਤੀਆਂ ਕਾਜ਼ੀਆਂ ਦੇ ਘਰ ਸਨ, ਤੇ ਜਿਨ੍ਹਾਂ ਨੇ ਭਾਈ ਤਾਰੂ ਸਿੰਘ, ਸ: ਮਤਾਬ ਸਿੰਘ, ਸ: ਦਿਆਲ ਸਿੰਘ, ਸ: ਗਰਜਾ ਸਿੰਘ ਤੇ ਅਨੇਕਾਂ ਹੋਰ ਸਿੰਘ ਨੂੰ ਫ਼ਤਵੇ ਦੇ ਕੇ ਕਤਲ ਕਰਵਾਇਆ ਸੀ, ਉਨ੍ਹਾਂ ਨੂੰ ਉਨ੍ਹਾਂ ਦੇ ਘਰੀਂ ਹੀ ਤੇਗ ਦੇ ਘਾਟ ਉਤਾਰ ਦਿਤਾ। ਕਾਰਜ ਸਿਧ ਕਰ ਕੇ ਸ਼ਾਹੀ ਫੌਜ ਦੇ ਉਠਣ ਤੋਂ ਪਹਿਲਾਂ ਹੀ ਖਾਲਸਾ ਹਰਨ ਹੋ ਗਿਆ। ਫੌਜ ਮਗਰ ਪਈ ਤਾਂ ਸਹੀ, ਪਰ ਏਨੇ ਨੂੰ ਸਿੰਘ ਰਾਵੀ ਕੰਢੇ ਜੰਗਲ ਵਿਚ ਅਲੋਪ ਹੋ ਗਏ। ਯਾਹੀਯਾ ਖ਼ਾਨ ਨਵਾਂ ਨਵਾਂ ਸੂਬੇਦਾਰ ਬਣਿਆ ਸੀ ਤੇ ਪੈਂਦੀ ਸੱਟੇ ਉਸਦੀ ਬੜੀ ਵੱਡੀ ਨੱਕ-ਵਢਣੀ ਹੋ ਗਈ ਸੀ। ਦੀਵਾਨ ਲਖਪਤ ਰਾਏ ਨੂੰ ਬੁਲਾ ਕੇ ਹੁਕਮ ਦਿਤਾ ਕਿ ਜਿੰਨੀ ਚਾਹੇ ਫੌਜ ਲੈ ਜਾਵੇ, ਪਰ ਸਿੰਘਾਂ ਨੂੰ ਇਲਾਕੇ ਵਿਚੋਂ ਕਢ ਕੇ ਹੀ ਮੁੜੇ। ਲਖਪਤ ਰਾਏ ਮਗਰ ਪਿਆ ਤਾਂ ਸੀ ਤੇ ਝਲੇ ਝਲ ਕਾਫ਼ੀ ਦੂਰ ਤਕ ਮਗਰ ਗਿਆ, ਪਰ ਕੁਝ ਨਾ ਸਰਿਆ। ਸਿੰਘ ਰਾਵੀ ਦਾ ਕੰਢਾ ਛੱਡ ਕੇ ਐਮਨਾਬਾਦ ਚਲੇ ਗਏ। ਲਖਪਤ ਲਾਹੌਰ ਨੂੰ ਵਾਪਸ ਮੁੜ ਗਿਆ।

**ਜਸਪਤ ਰਾਏ ਦਾ ਸਿੰਘਾਂ ਮਗਰ ਪੈਣਾ ਤੇ ਉਨ੍ਹਾਂ ਹਥੋਂ ਕਤਲ ਹੋਣਾ–**

ਲਖਪਤ ਤੇ ਜਸਪਤ ਦੋਵੇਂ ਸਕੇ ਭਰਾ ਸਨ। ਜਸਪਤ ਰਾਏ ਛੋਟਾ ਸੀ। ਜਦ ਜ਼ਕਰੀਆ ਖਾਨ ੧੭੨੬ ਈ: ਵਿਚ ਲਾਹੌਰ ਦਾ ਸੂਬੇਦਾਰ ਬਣਿਆ ਤਾਂ ਉਸ ਨੇ ਜਸਪਤ ਨੂੰ ਜਲੰਧਰ ਦੁਆਬ ਦੀ ਫੌਜਦਾਰੀ ਤੋਂ ਹਟਾ ਕੇ ਐਮਨਾਬਾਦ ਦਾ ਫ਼ੌਜਦਾਰ ਬਣਾ ਦਿਤਾ ਸੀ। ਇਸ ਦੀ ਥਾਂ ਆਦੀਨਾ ਬੇਗ ਨੂੰ ਜਲੰਧਰ ਦਾ ਫੌਜਦਾਰ। ਉਨ੍ਹੀਂ ਦਿਨੀਂ ਜਸਪਤ ਰਾਏ ਆਪਣੇ ਇਲਾਕੇ ਦੇ ਦੌਰੇ ਤੇ ਪਿੰਡ ਖੁਖਰਾਨ ਲਾਗੇ ਉਤਰਿਆ ਹੋਇਆ ਸੀ।

ਖੁਖਰਾਨ ਪਿੰਡ ਵਿਚ ਬੈਠੇ ਜਸਪਤ ਰਾਏ ਨੂੰ ਗੋਂਦਰਾਂ ਵਾਲੇ ਪਿੰਡ ਦੇ ਇਕ ਵਸਨੀਕ ਨੇ ਖਬਰ ਦਿਤੀ ਕਿ ਸਿੰਘਾਂ ਦਾ ਇਕ ਤਕੜਾ ਜਥਾ ਇਸ ਪਾਸੇ ਆਇਆ ਹੈ ਤੇ ਖੁਖਰਾਨ ਤੇ ਗੋਂਦਰਾਂਵਾਲੇ ਪਿੰਡਾਂ ਦੇ ਚਰਦੇ ਇੱਜੜਾਂ 'ਚੋਂ ਬਕਰੇ ਹਿਕ ਕੇ ਲੈ ਗਿਆ ਹੈ।* ਇਸ ਵੇਲੇ ਰੋੜੀ ਸਾਹਿਬ ਲਾਗੇ ਬੈਠੇ ਬਕਰੇ ਭੁੰਨ ਭੁੰਨ ਛਕ ਰਿਹਾ ਹੈ। ਕਾਫ਼ੀ ਬਕਰੇ ਉਨ੍ਹਾਂ ਦੇ ਪਾਸ ਸਾਡੇ ਫੜੇ ਹੋਏ ਹਨ।

ਜਸਪਤ ਰਾਏ ਨੇ ਆਪਣੇ ਕੁਝ ਸਵਾਰ ਇਹ ਹੁਕਮ ਦੇ ਕੇ ਭਜਾਏ ਕਿ ਬਕਰੇ ਖੋਹ ਲਏ ਜਾਣ ਤੇ ਉਨ੍ਹਾਂ ਨੂੰ ਮਾਰ ਕੇ ਉਥੋਂ ਉਠਾ ਦਿਤਾ ਜਾਵੇ।

ਇਹ ਦਸਤਾ ਜਦ ਰੋੜੀ ਸਾਹਿਬ ਵਿਖੇ ਪੁਜਾ ਤਾਂ ਸਿੰਘਾਂ ਦੇ ਗਲ ਨਾ ਪਿਆ, ਪਰ ਇਸ ਦੇ ਮੁਖੀ ਨੇ ਸਿੰਘਾਂ ਨੂੰ ਕਿਹਾ ਕਿ ਭਲਾ ਇਸੇ ਵਿਚ ਹੈ ਕਿ ਫੜੇ ਹੋਏ ਬਕਰੇ ਤੁਰੰਤ ਵਾਪਸ ਕਰ ਦਿਓ ਤੇ ਨਾਲ ਹੀ ਡੇਰਾ ਡੰਡਾ ਚੁਕੋ ਤੇ ਚਲਦੇ ਬਣੋ। ਫੌਜਦਾਰ ਸਾਹਿਬ ਦਾ ਇਹ ਹੁਕਮ ਹੈ। ਸਿੰਘਾਂ ਨੇ ਉਤਰ ਦਿਤਾ ਕਿ ਬਕਰੇ ਜਿਥੇ ਤੁਹਾਨੂੰ ਦਿਸਦੇ ਹਨ, ਬੇਸ਼ਕ ਫੜ ਲਵੋ, ਸਾਨੂੰ ਕੋਈ ਉਜ਼ਰ ਨਹੀਂ। ਦੀਵਾਨ ਸਾਹਿਬ ਨੂੰ ਜਾ ਕੇ ਕਹਿ ਦਿਓ ਕਿ ਅਸੀਂ ਕਈ ਦਿਨਾਂ ਦੇ ਕੜਾਕੇ ਤੇ ਹਾਂ (ਭਾਵ, ਲੰਗਰ ਛਕੇ ਨੂੰ ਕਈ ਦਿਨ ਹੋ ਗਏ ਹਨ, ਫ਼ਾਕੇ ਵਿਚ ਹਾਂ) ਅਤੇ ਲੰਗਰ ਛਕ ਕੇ ਚਲੇ ਜਾਵਾਂਗੇ। ਅਸੀਂ ਉਸ ਦੇ ਇਲਾਕੇ ਵਿਚ ਕੋਈ ਲੁਟ-ਮਾਰ ਨਹੀਂ ਕੀਤੀ ਤੇ ਨਾ ਸਾਡਾ ਕੋਈ ਇਰਾਦਾ ਹੀ ਹੈ। ਸਾਡੇ ਵਲੋਂ ਭਰੋਸਾ ਰਖੇ। ਇਥੇ ਰਾਤ ਹੀ ਕਟਣੀ ਹੈ। ਸਵੇਰੇ ਅਸਾਂ ਆਪਣੇ ਆਪ ਹੀ ਚਾਲੇ ਪਾ ਜਾਣੇ ਹਨ।

ਜਸਪਤ ਨੂੰ ਜਾ ਕੇ ਜਦ ਇਹ ਉਤਰ ਦਸਿਆ ਗਿਆ ਤਾਂ ਉਹ ਗੁੱਸੇ ਨਾਲ ਭਰਿਆ ਪੀਤਾ ਗਿਆ ਤੇ ਆਪਣੇ ਸਵਾਰ ਲੈ ਕੇ ਖ਼ੁਦ ਰੋੜੀ ਸਾਹਿਬ ਵਲ ਚੜ੍ਹ ਆਇਆ। ਆਉਂਦਿਆਂ ਹੀ ਸਿੰਘਾਂ ਨੂੰ ਬੁਰਾ ਭਲਾ ਆਖਣ ਤੇ ਗਾਲ੍ਹੀਂ ਦੇਣ ਲੱਗਾ। ਸਿੰਘਾਂ ਧੀਰਜ ਨਾਲ ਉੱਤਰ ਦਿਤਾ ਕਿ "ਫੌਜਾਂ ਨੇ ਤਿੰਨਾਂ ਦਿਨਾਂ ਤੋਂ ਕੁਝ ਛਕਿਆ ਨਹੀਂ। ਲੰਗਰ ਹੀ ਤਿਆਰ ਕਰ ਕੇ ਛਕਣ ਲਈ ਅਟਕੇ ਹਾਂ, ਰਾਤ ਦੀ ਰਾਤ ਏਥੇ ਹਾਂ, ਤੜਕ-ਸਾਰ ਕੂਚ ਕਰ

---

*ਸਿੰਘਾਂ ਨੂੰ ਬਦਨਾਮ ਕਰਨ ਅਤੇ ਉਨ੍ਹਾਂ ਦੇ ਬਰਖਿਲਾਫ਼ ਦੀਵਾਨ ਨੂੰ ਭੜਕਾਉਣ ਲਈ ਇਹ ਬਕਰੇ ਹਿਕ ਲੈ ਜਾਣ ਵਾਲੀ ਊਜ ਘੜੀ ਤੇ ਲੋਕਾਂ ਵਿਚ ਫੈਲਾਈ ਗਈ ਜਾਪਦੀ ਹੈ। —ਸੰਪਾਦਕ


www.AKJ.Org

ਜਾਣਾ ਹੈ। ਖ਼ਾਤਰ ਜਮ੍ਹਾ ਰਖੋ, ਤੁਹਾਡੇ ਸ਼ਹਿਰ ਜਾਂ ਇਲਾਕੇ ਨੂੰ ਕੁਝ ਨਹੀਂ ਕਹਿੰਦੇ।'' ਉਸ ਨੂੰ ਆਪਣੀ ਤਾਕਤ ਦਾ ਨਸ਼ਾ, ਕੜਕ ਕੇ ਬੋਲਿਆ, ''ਤੁਸੀਂ ਲੰਗਰ ਛਕਣ ਦੀ ਤੇ ਰਾਤ ਟਿਕਣ ਦੀ ਗੱਲ ਕਰਦੇ ਹੋ, ਮੈਂ ਤੁਹਾਡੀ ਇਥੇ ਸ਼ਕਲ ਨਹੀਂ ਵੇਖਣਾ ਚਾਹੁੰਦਾ। ਬੋਟੀ ਬੋਟੀ ਕਰ ਕੇ ਉਡਾ ਦਿਆਂਗਾ। ਬਹੁਤ ਬੁਰਾ ਤੇ ਅਯੋਗ ਸਲੂਕ ਤੁਹਾਡੇ ਨਾਲ ਹੋਵੇਗਾ। ਉਠੋ ਤੇ ਤੁਰੋ ਇਸੇ ਪਲ। ਕੀ ਸਮਝੀ ਬੈਠੇ ਹੋ ਆਪਣੇ ਆਪ ਨੂੰ।'' ਸਿੰਘ ਨਹੀਂ ਉਠੇ। ਜਸਪਤ ਨੇ ਫਿਰ ਗਾਲ੍ਹੀਂ ਬਕਣੀਆਂ ਸ਼ੁਰੂ ਕਰ ਦਿਤੀਆਂ। ਸ: ਚੜ੍ਹਤ ਸਿੰਘ ਨੇ ਅੱਗੋਂ ਆਖਿਆ, ''ਕਿਰਾੜਾ, ਕਿਉਂ ਮੌਤ ਨੂੰ ਵਾਜਾਂ ਮਾਰਦੇਂ ? ਜਿਹੜੇ ਸਿੰਘ ਹਿੰਦੂ ਧਰਮ ਦੀ ਰਖਿਆ ਖ਼ਾਤਰ ਸਿਰ ਤਲੀ ਤੇ ਰਖੀ ਫਿਰਦੇ ਹਨ, ਤੂੰ ਉਨ੍ਹਾਂ ਨੂੰ ਹੀ ਬੁਰਾ ਭਲਾ ਕਹਿੰਦਾ ਹੈਂ। ਸਾਡੇ ਲੰਗਰ ਛਕਣ ਤੋਂ ਵੀ ਆਤਰ ਏਂ। ਅਸੀਂ ਤੈਨੂੰ ਭਰਾ ਸਮਝ ਕੇ ਤੇਰੇ ਨਾਲ ਲੜਨਾ ਨਹੀਂ ਚਾਹੁੰਦੇ ਤੇ ਤੂੰ ਉਲਟੀ ਹੈਂਕੜ ਵਿਖਾਉਂਦੈਂ। ਜਾਪਦੈ ਤੂੰ ਦਾਖੂ ਦਾਣਾ ਲੈ ਕੇ ਹੀ ਰਹੇਂਗਾ। ਸਲਾਮਤੀ ਚਾਹੁਨੈਂ ਤੇ ਮੁੜ ਜਾ ਓਧਰ, ਜਿਧਰੋਂ ਆਇਆ ਏਂ। ਮੁਗਲ ਸਰਕਾਰ ਦੇ ਫ਼ੌਜਦਾਰ ਨੂੰ ਕੋਈ ਅਗੋਂ ਇੰਜ ਬੋਲੇ। ਇਕ-ਦਮ ਹਮਲਾ ਕਰਨ ਦਾ ਹੁਕਮ ਦੇ ਦਿਤਾ। ਸਿੰਘ ਲੜਨਾ ਨਹੀਂ ਸਨ ਚਾਹੁੰਦੇ, ਪਰ ਮਜਬੂਰੀ ਦੀ ਹਾਲਤ ਵਿਚ ਤੇਗਾਂ ਲੈ ਕੇ ਗਲ ਚੜ੍ਹਦਿਆਂ ਨੂੰ ਪਰ੍ਹਾਂ ਝਾੜ ਕੇ ਉਠ ਤੁਰੇ। ਪਰ ਜਸਪਤ ਹੱਲੇ ਤੇ ਹੱਲਾ ਕਰਾਈ ਜਾਵੇ। ਸਿੰਘ ਇਹ ਬਦੋ-ਬਦੀ ਗਲ ਪਈ ਲੜਾਈ ਲੜਦੇ ਜਾਂਦੇ ਤੇ ਨਾਲੇ ਪਿਛੇ ਹਟਦੇ ਜਾਂਦੇ। ਅੰਤ ਦੋਵੇਂ ਧਿਰਾਂ ਲੜਦੇ ਭਿੜਦੇ ਬੱਦੋ ਕੀ ਗੁਸਾਈਆਂ ਦੀ ਝਿੜੀ ਕੋਲ ਪਹੁੰਚ ਗਏ। ਜਸਪਤ ਰਾਏ ਹਾਥੀ ਉਤੇ ਬੈਠਾ ਆਪਣੀਆਂ ਧਾੜਾਂ ਨੂੰ ਲਲਕਾਰ ਰਿਹਾ ਸੀ ਕਿ ਸਿਖ ਬਚ ਕੇ ਨਾ ਨਿਕਲ ਜਾਣ। ਖ਼ੂਬ ਹੱਲਾ-ਸ਼ੇਰੀ ਦੇ ਰਿਹਾ ਸੀ। ਉਹ ਸ: ਨਿਬਾਹੂ ਸਿੰਘ (ਰੰਘਰੇਟਾ) ਦੀ ਨਿਗਾਹ ਪੈ ਗਿਆ। ਸਿੰਘ ਸ਼ੇਰ ਵਾਂਗ ਭਬਕ ਕੇ ਵੈਰੀ ਤੇ ਜਾ ਪਿਆ। ਹਾਥੀ ਦੀ ਪੂਛਲ ਫੜ ਕੇ ਹੌਦੇ ਪਾਸ ਪਹੁੰਚ ਕੇ ਤੇਗ ਦਾ ਐਸਾ ਹੱਥ ਮਾਰਿਆ ਕਿ ਜਸਪਤ ਰਾਏ ਦਾ ਸਿਰ ਸਿੱਟੇ ਸਮਾਨ ਡੰਗ ਸੁਟਿਆ। ਧੜ ਥੱਲੇ ਆ ਪਿਆ। ਦੀਵਾਨ ਦੇ ਸ਼ਸਤਰ, ਜ਼ੇਵਰ ਤੇ ਹੋਰ ਕੀਮਤੀ ਮਾਲ-ਮਤਾ ਜੋ ਹੌਦੇ ਵਿਚ ਸੀ, ਥਲੇ ਸੁਟ ਦਿਤਾ ਅਤੇ ਫ਼ੌਜਦਾਰ ਦਾ ਸਿਰ ਨੇਜ਼ੇ ਤੇ ਟੰਗ ਕੇ ਸਿੰਘਾਂ ਪਾਸ ਲੈ ਆਇਆ੨।

ਫ਼ੌਜਦਾਰ ਦੇ ਮਰਨ ਦੀ ਖ਼ਬਰ ਫ਼ੌਜ ਵਿਚ ਅੱਗ ਵਾਂਗ ਫੈਲ ਗਈ। ਖ਼ਾਲੀ ਹੌਦਾ ਵੇਖ ਕੇ ਸਭਨਾਂ ਦੇ ਦਿਲ ਟੁਟ ਗਏ। ਸਭ ਗਾਂਦਵੀਆਂ ਧਾੜਾਂ ਤੇ ਤਨਖ਼ਾਹਦਾਰ ਸਿਪਾਹੀਆਂ ਭਜਦਿਆਂ ਪਿਛੇ ਭੌਂ ਕੇ ਨਹੀਂ ਵੇਖਿਆ। ਜਿਹੜੇ ਪਲ ਕੁ ਪਹਿਲਾਂ ਨਾਅਰੇ ਮਾਰਦੇ ਤੇ 'ਮਾਰ ਲੋ', 'ਫੜ ਲੋ' ਦਾ ਰੌਲਾ ਪਾਉਂਦੇ ਵਧ ਵਧ ਵਾਰ ਕਰਦੇ ਸਨ, ਲੋਥਾਂ ਤਾਂ ਕੀ ਚੁਕਣੀਆਂ ਸਨ, ਸਹਿਕਦੇ ਵੀ ਛੱਡ ਕੇ ਅੰਨ੍ਹੇਰੀ ਅਗੇ ਸੁੱਕੇ ਪੱਤਿਆਂ ਵਾਂਗ ਕਿਧਰੇ ਉਡ ਪੁਡ ਗਏ।

ਬਾਬਾ ਕਿਰਪਾ ਰਾਮ(ਜਸਪਤ ਦਾ ਗੁਰੂ)ਨੇ ਸਿੰਘਾਂ ਪਾਸੋਂ ੫੦੦ ਰੁਪਏ ਭੇਂਟ ਕਰ ਕੇ ਜਸਪਤ ਦਾ ਸਿਰ ਲਿਆ ਕੇ ਉਥੇ ਸਸਕਾਰ ਕੀਤਾ। ਇਹ ਜਗ੍ਹਾ ਬੱਦੋ ਕੀ ਗੁਸਾਈਆਂ ਦੀ ਝਿੜੀ ਵਿਖੇ ਸੀ। ਲਖਪਤ ਨੇ ਪਿਛੋਂ ਇਥੇ ਭਰਾ ਦੀ ਸਮਾਧ ਬਣਾਈ ਤੇ ਲਾਗੇ ਖੂਹੀ ਲਗਵਾਈ। ਦੋਵੇਂ ਬਣੀਆਂ ਹੋਈਆਂ ਚੀਜ਼ਾਂ ਅੱਜ ਤੱਕ ਮੌਜੂਦ ਹਨ। ਹਾਂ, ਝਿੜੀ ਵਾਲਾ ਜੰਗਲ ਦੁਆਲਿਓਂ ਸਾਫ਼ ਹੋ ਚੁਕਿਆ ਤੇ ਜ਼ਮੀਨ ਵਾਹੀ ਬੀਜੀ ਹੇਠ ਆ ਚੁਕੀ ਹੈ। ਇਹ ਘਟਨਾ ਫਰਵਰੀ-ਮਾਰਚ ੧੭੪੬ ਈ: (ਫਗਣ ੧੮੦੨ ਬਿ:) ਦੀ ਹੈ। ਸਿੰਘ ਜਸਪਤ ਰਾਏ ਨੂੰ ਮਾਰ ਕੇ ਐਮਨਾਬਾਦ, ਜੋ ਫ਼ੌਜਦਾਰ ਦਾ ਸਦਰ ਮੁਕਾਮ ਸੀ, ਉਤੇ ਜਾ ਪਏ ਤੇ ਸ਼ਹਿਰ ਨੂੰ ਲੁਟ ਪੁਟ ਕੇ ਮੁੜ ਰਾਵੀ ਦਰਿਆ ਦੇ ਝਲਾਂ ਵਿਚ ਲੋਪ ਹੋ ਗਏ।

**ਲਖਪਤ ਨੇ ਸਿੱਖਾਂ ਦੇ ਪੂਰਨ ਵਿਨਾਸ਼ ਦੀ ਕਸਮ ਖਾਧੀ–**

ਲਖਪਤ ਤੇ ਜਸਪਤ ਦੋਵੇਂ ਭਰਾ–ਕਲਾਨੌਰ ਦੇ ਖਤਰੀ ਬਚੇ ਸਨ। ਛੋਟੀ ਉਮਰ ਵਿਚ ਹੀ ਇਨ੍ਹਾਂ ਦਾ ਬਾਪ ਮਰ ਗਿਆ ਸੀ ਤੇ ਵਿਧਵਾ ਮਾਂ ਦਿਨ-ਕਟੀ ਲਈ ਭਰਾਵਾਂ ਪਾਸ ਆਣ ਟਿਕੀ। ਲਖਪਤ ਨੂੰ ਉਸ ਦੀ ਮਾਂ ਘੁੰਗਣੀਆਂ ਦਾ ਛਾਬਾ ਬਣਾ ਦੇਂਦੀ ਤੇ ਉਹ ਬਾਜ਼ਾਰ ਵਿਚ ਤੁਰ ਫਿਰ ਕੇ ਵੇਚ ਆਉਂਦਾ ਤੇ ਪੇਟ-ਚਟਾਈ ਹੋਈ ਜਾਂਦੀ।

ਦਸਮੇਸ਼ ਜੀ ਦਖਣ ਨੂੰ ਜਾਂਦੇ ਹੋਏ ਜਦ ਪੁਸ਼ਕਰ ਪਹੁੰਚੇ ਤਾਂ ਸੁਣ ਕੇ ਬਾਬਾ ਪ੍ਰਿਥੀ ਜੀ ਦਰਸ਼ਨਾਂ ਨੂੰ ਆਏ। ਰਜ ਰਜ ਸੇਵਾ ਕੀਤੀ। ਕਲਗੀਧਰ ਅੱਗੇ ਨੂੰ ਪਿਆਨਾ ਕਰਨ ਲੱਗੇ ਤਾਂ ਬਾਬਾ ਜੀ ਨੇ ਸੇਵਾ ਲਈ ਹੁਕਮ ਦੀ ਯਾਚਨਾ ਕੀਤੀ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਫ਼ੁਰਮਾਇਆ ਕਿ ਤੁਸੀਂ ਪੰਜਾਬ ਨੂੰ ਵਾਪਸ ਜਾਓ, ਸਿੱਖੀ ਦਾ ਪ੍ਰਚਾਰ ਕਰੋ ਤੇ ਲੰਗਰ ਚਲਾਓ। ਵਾਪਸ ਆ ਕੇ ਪੰਜਾਬ ਵਿਚ ਪ੍ਰਚਾਰ ਹਿਤ ਵਿਚਰਦੇ ਹੋਏ ਭਾਈ ਪ੍ਰਿਥੀ ਜੀ ਜਦ


www.AKJ.Org

ਲਾਹੌਰ ਮੁਜ਼ੰਗੀ ਪਹੁੰਚੇ ਤਾਂ ਇਕ ਜਗ੍ਹਾ ਇਕ ਛੋਟੀ ਉਮਰ ਦਾ ਬਾਲਕ ਘੁੰਗਣੀਆਂ ਵੇਚਦਿਆਂ ਵੇਖਿਆ। ਇਹ ਲਖਪਤ ਸੀ। ਆਪ ਨੇ ਸਹਿਜ ਸੁਭਾਅ ਕਿਹਾ ਕਿ, ਕਿਉਂ ਭਈ, ਸੰਤਾਂ ਨੂੰ ਘੁੰਗਣੀਆਂ ਛਕਾਏਂਗਾ। ਲਖਪਤ ਨੇ ਬੜੀ ਉਦਾਰਤਾ ਨਾਲ ਛਾਬਾ ਅਗੇ ਕਰ ਕੇ ਕਿਹਾ, 'ਇਹ ਸਭ ਤੁਹਾਡਾ ਹੀ ਦਿਤਾ ਹੈ। ਮਨ ਭਾਉਂਦੀਆਂ ਛਕੋ।' 'ਘਰ ਵਾਲੇ ਗੁਸੇ ਨਾ ਹੋਣਗੇ ?' ਬਾਬਾ ਪ੍ਰਿਥੀ ਜੀ ਨੇ ਕਿਹਾ। ਲਖਪਤ ਬੋਲਿਆ, 'ਸੰਤਾਂ ਦੀ ਸੇਵਾ ਕਰਦਿਆਂ ਜੇ ਕੋਈ ਕੁਝ ਕਹੇਗਾ ਤਾਂ ਮੈਂ ਸਿਰ ਝਲ ਲਵਾਂਗਾ। ਸੌਦਾ ਮਹਿੰਗਾ ਨਹੀਂ।' ਆਪ ਜੀ ਨੇ ਮੁਠ ਕੁ ਘੁੰਗਣੀਆਂ ਲੈਂਦਿਆਂ ਕਿਹਾ, 'ਤੂੰ ਭਈ ਬੜਾ ਸਿਆਣਾ ਤੇ ਦਲੇਰ ਹੈਂ, ਦੀਵਾਨ ਬਣੇਂਗਾ।' ਬਾਬਾ ਪ੍ਰਿਥੀ ਜੀ ਦੀ ਪੇਸ਼ੀਨ ਗੋਈ ਵਰਦਾਨ ਸਾਬਤ ਹੋਈ—'ਸਾਧ ਬਚਨ ਅਟਲਾਧਾ'। ਲਖਪਤ ਤੇ ਜਸਪਤ ਦੋਵੇਂ ਭਰਾ ਬੜੀ ਤੀਖਣ ਬੁਧੀ, ਸੋਹਣੀਆਂ ਸ਼ਕਲਾਂ ਤੇ ਕੱਦ ਕਾਠ ਵਾਲੇ ਸਨ। ਤਰੱਕੀ ਕਰਦੇ ਕਰਦੇ ਉਚਿਆਂ ਮਰਤਬਿਆਂ ਤੇ ਪਹੁੰਚ ਗਏ। ਜ਼ਕਰੀਆ ਖ਼ਾਨ ਸੂਬੇਦਾਰ ਲਾਹੌਰ ਦੇ ਸਮੇਂ ਲਖਪਤ ਦੀਵਾਨ ਬਣਿਆ ਤੇ ਜਸਪਤ ਪਹਿਲਾਂ ਜਲੰਧਰ ਦਾ ਫੌਜਦਾਰ ਤੇ ਫਿਰ ਐਮਨਾਬਾਦ ਦਾ ਫੌਜਦਾਰ ਨਿਯਤ ਹੋਇਆ।

ਲਖਪਤ ਨੂੰ ਜਦ ਭਰਾ ਦੇ ਸਿੰਘਾਂ ਨਾਲ ਲੜਦਿਆਂ ਮਾਰੇ ਜਾਣ ਦੀ ਖ਼ਬਰ ਮਿਲੀ ਤਾਂ ਹੋਸ਼ ਹਵਾਸ ਖੋ ਬੈਠਾ। ਰੋਂਦਾ ਪਿਟਦਾ ਯਾਹੀਯਾ ਖ਼ਾਨ ਪਾਸ ਜਾ ਕੇ ਪੱਗ ਲਾਹ ਕੇ ਉਸ ਦੇ ਅੱਗੇ ਭੁੰਜੇ ਸੁਟ ਕੇ ਕਿਹਾ ਕਿ, "ਇਹ ਹੁਣ ਤੁਹਾਡੇ ਬੰਨ੍ਹਾਇਆਂ ਹੀ ਬੰਨ੍ਹਾਂਗਾ, ਤੇ ਬੰਨ੍ਹਾਂਗਾ ਸਿੱਖਾਂ ਦਾ ਜਹਾਨ ਚੋਂ ਤਲਾ-ਮੂਲ ਪੁਟ ਕੇ ਹੀ।" ਯਾਹੀਯਾ ਖ਼ਾਨ ਨੂੰ ਹੋਰ ਕੀ ਚਾਹੀਦਾ ਸੀ। ਉਸ ਨੇ ਹਰ ਤਰ੍ਹਾਂ ਦੀ ਇਮਦਾਦ ਦਾ ਭਰੋਸਾ ਦਿਵਾਇਆ। "ਮੈਂ ਤਾਂ ਖ਼ੁਦ ਇਹੋ ਚਾਹੁੰਦੇ, ਜੇ ਤੂੰ ਇਸ ਦਾ ਬੀੜਾ ਚੁਕਿਆ ਹੈ ਤਾਂ ਹੋਰ ਕੀ ਚਾਹੀਦੈ। ਮੂੰਹੋਂ ਮੰਗ ਕੇ ਫੌਜ ਤੇ ਸਹਾਇਤਾ ਲਓ।" ਗੁਸੇ ਵਿਚ ਇਨਸਾਨ ਅੱਧਾ ਪਾਗਲ ਹੋ ਜਾਂਦੈ। ਕਰੋਧ ਦੀ ਅੱਗ ਵਿਚ ਮੱਚਦੇ ਨੇ ਇਹ ਕਸਮ ਖਾ ਲਈ ਸੀ ਕਿ ਮੈਂ ਹੁਣ ਸਿਖ ਪੰਥ ਦਾ ਮੁਕੰਮਲ ਖ਼ਾਤਮਾ ਕਰ ਕੇ ਹੀ ਦਮ ਲਵਾਂਗਾ। ਉਹ ਆਪਣੀ ਗ਼ਲਤ ਸੋਚ ਕਰਕੇ ਸਮਝਦਾ ਸੀ ਕਿ ਮੇਰ ਨਰਮੀ ਕਰਕੇ ਹੀ ਸਿਖ ਹੁਣ ਤੱਕ ਬਚੇ ਹੋਏ ਹਨ, ਨਹੀਂ ਤਾਂ ਜੇ ਮੈਂ ਮਿਟਾਉਣੇ ਚਾਹਵਾਂ ਤਾਂ ਇਹ ਬਚ ਨਹੀਂ ਸਕਦੇ। ਹੰਕਾਰ 'ਚ ਅੰਨ੍ਹੇ ਹੋਏ ਨੇ ਇਥੋਂ ਤਕ ਕਹਿ ਦਿਤਾ ਕਿ—"ਇਕ ਖਤਰੀ ਨੇ ਹੀ ਇਹ ਪੰਥ ਚਲਾਇਆ ਸੀ ਤੇ ਹੁਣ ਇਕ ਖਤਰੀ ਦੇ ਹਥੋਂ ਹੀ ਮੁੱਕੇਗਾ।'[3]

(ਚਲਦਾ)

## ਹਵਾਲੇ ਤੇ ਫੁਟ-ਨੋਟ

੧. ਹਿੰਦੁਸਤਾਨ ਵਿਚ ਇਸਲਾਮ ਦੇ ਆਉਣ ਤੋਂ ਪਹਿਲਾਂ ਬ੍ਰਾਹਮਣਵਾਦ ਨੇ ਸ਼ੂਦਰਾਂ ਲਈ ਇਸ ਧਰਤੀ ਨੂੰ ਪਰਤੱਖ ਤੌਰ ਤੇ ਨਰਕ ਬਣਾ ਰਖਿਆ ਸੀ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਬ੍ਰਾਹਮਣਵਾਦ ਦੇ ਖ਼ੂਨੀ ਕਾਰੇ, ਮੁਲਾਣਾਵਾਦ ਦੇ ਕਾਲੇ ਕਾਰਨਾਮਿਆਂ ਨਾਲੋਂ ਨਿਰ-ਸੰਦੇਹ ਕਈ ਗੁਣਾ ਘਿਨਾਉਣੇ ਹਨ। ਇਹੋ ਕੁਝ ਯੂਰਪ ਵਿਚ ਈਸਾਈ ਪਾਦਰੀਆਂ ਨੇ ਹਜ਼ਾਰਾਂ ਸਾਲਾਂ ਤਕ ਆਰੰਭੀ ਰਖਿਆ। ਯੂਰਪ, ਮੱਧ ਪੂਰਬ ਤੇ ਪੂਰਬ (ਹਿੰਦੁਸਤਾਨ) ਵਿਚ ਇਹ ਭਿਆਨਕ ਚਕੀਆਂ ਮਨੁਖਤਾ ਨੂੰ ਲਗਾਤਾਰ ਬੇਰਹਿਮੀ ਨਾਲ ਪੀਸਦੀਆਂ ਰਹੀਆਂ। ਜੇ ਕਿਸੇ ਰੱਬ ਦੇ ਪਿਆਰੇ, ਕਿਤੇ ਮਾਰਟਿਨ ਲੂਥਰ ਬਣ ਕੇ ਜਾਂ ਮਨਸੂਰ ਹਿੱਲਾਜ, ਮੌਲਾਨਾ ਰੂਮ, ਸ਼ਮਸ ਤਬਰੇਜ਼, ਸਲੀਮ ਚਿਸ਼ਤੀ, ਤੇ ਸਰਮੱਦ ਦੇ ਰੂਪ ਵਿਚ ਆਵਾਜ਼ ਬੁਲੰਦ ਕੀਤੀ ਤਾਂ ਇਤਿਹਾਸ ਗੁਆਹ ਹੈ ਕਿ ਜਿਨ੍ਹਾਂ ਪਿਸਣ ਵਾਲਿਆਂ ਦੀ ਖ਼ਾਤਰ ਮੌਤ ਨਾਲ ਮੱਥਾ ਲਾਇਆ, ਉਨ੍ਹਾਂ ਹੀ ਉਸ ਆਵਾਜ਼ ਵੱਲ ਧਿਆਨ ਨਹੀਂ ਦਿਤਾ। ਓਡੀ ਹੀ ਹੈਰਾਨੀ ਦੀ ਗੱਲ ਇਹ ਹੈ ਕਿ ਚਕੀਆਂ ਅੱਜ ਵੀ ਆਪਣੇ ਵਿਸ਼ੇਸ਼ ਰੂਪ ਵਿਚ ਚਲ ਰਹੀਆਂ ਹਨ। ਪਿਸਾਈ ਵੈਸੀ ਹੀ ਬਰੀਕ ਹੋ ਰਹੀ ਹੈ।

੨. ਮੁਫਤੀ ਅਲੀਉੱਦੀਨ ਲਾਹੌਰ—ਇਬਰਤਨਾਮਾ, ਸਫ਼ਾ ੧੦੫ ੳ-ਅ। ਸ: ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼, ਸਫ਼ਾ ੩੭੪। ਗਿ: ਗਿਆਨ ਸਿੰਘ—ਪੰਥ ਪ੍ਰਕਾਸ਼, ਸਫ਼ਾ ੬੬੫-੬੬। ਖ਼ੁਸ਼ਵਕਤ ਰਾਏ—ਕਿਤਾਬਿ ਤਾਰੀਖ਼-ਏ-ਪੰਜਾਬ, ਸਫ਼ਾ ੭੪। ਡਾ: ਹਰੀ ਰਾਮ ਗੁਪਤਾ—ਹਿਸਟਰੀ ਆਫ਼ ਦੀ ਸਿਖਸ ਭਾਗ ਦੂਜਾ, ਸਫ਼ਾ ੭੪।

੩. ਸ: ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼, ਸਫ਼ਾ ੨੯੩, ਪਹਿਲੀ ਛਾਪ।



www.AKJ.Org

# ਸੰਤ ਸਮਾਜ–ਸੰਤ ਸਮਾਗਮ

[ਪ੍ਰਿੰ: ਗੁਰਮੁਖ ਸਿੰਘ ਜੀ]

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਰਬ ਸਮਾਜ-ਸੰਮੇਲਨ ੩੧ ਦਸੰਬਰ ੧੯੯੩ ਤੋਂ ੨ ਜਨਵਰੀ ੯੪ ਤੱਕ ਸਦਿਆ ਗਿਆ ਸੀ।

ਇਹੋ ਜਿਹੇ ਸੰਮੇਲਨ ਮੁਬਾਰਕ ਹਨ, ਜੇਕਰ ਇਨ੍ਹਾਂ ਸੰਮੇਲਨਾਂ ਵਿਚ ਗੁਰੂ-ਆਸ਼ੇ ਅਨੁਸਾਰ ਪ੍ਰਚਾਰ ਕੀਤਾ ਜਾਵੇ। ਸਿੱਖ ਸੰਗਤਾਂ ਪਿਛਲੇ ਇਕ ਦਹਾਕੇ ਤੋਂ ਸਿਆਸੀ ਅ-ਸਥਿਰਤਾ ਕਾਰਨ ਦਿਸ਼ਾ-ਹੀਣਤਾ ਮਹਿਸੂਸ ਕਰਦੀਆਂ ਆ ਰਹੀਆਂ ਹਨ। ਧੜੇ-ਬੰਦੀਆਂ ਕਾਰਨ ਅਸੀਂ ਖੇਰੂੰ ਖੇਰੂੰ ਹੋ ਗਏ। ਇਸ ਦੌਰਾਨ ਧਰਮ ਦੇ ਖੇਤਰ ਵਿਚ ਅਨੇਕਾਂ ਸਾਧ-ਸੰਤ ਬਣ ਗਏ।

ਸਿੱਖੀ ਦੇ ਪ੍ਰਚਾਰ ਹਿਤ ਸੰਨ ੧੮੭੩ ਤੋਂ ਲੈ ਕੇ ਹੁਣ ਤਕ 'ਸਿੰਘ ਸਭਾ ਲਹਿਰ' ਨੇ ਜੋ ਯੋਗਦਾਨ ਪਾਇਆ, ਉਸ ਨਾਲ ਸਿੱਖ ਜਗਤ ਵਿਚ ਨਵੀ ਚੇਤਨਾ ਪੈਦਾ ਹੋਈ ਹੈ। ਖਾਲਸਾ ਪੰਥ ਦੇ ਇਤਿਹਾਸ ਵਿਚ ਅਤਿ ਬਿਖੜੇ ਸਮੇਂ, ਭਾਵ ੧੭੦੪ ਤੋਂ ੧੭੯੯ ਈ: (ਸਤਿਗੁਰਾਂ ਦੇ ਸ੍ਰੀ ਅਨੰਦਪੁਰ ਸਾਹਿਬ ਛਡਣ ਸਮੇਂ) ਤੋਂ ਲੈ ਕੇ ਖਾਲਸਾ ਰਾਜ ਦੀ ਸਥਾਪਨਾ ਹੋਣ ਤਕ ਲਗ ਪਗ ਪੂਰੀ ਸਦੀ ਉਦਾਸੀਆਂ ਅਤੇ ਨਿਰਮਲੇ ਸਾਧਾਂ-ਸੰਤਾਂ ਨੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਵਿਚ ਗੁਰਮਤਿ ਦਾ ਪ੍ਰਚਾਰ ਆਪਣੇ ਢੰਗ ਨਾਲ ਕੀਤਾ।

ਖਾਲਸਾ ਰਾਜ ਦੇ ਸਥਾਪਤ ਹੋ ਜਾਣ ਉਪਰੰਤ ਭੀ ਇਨ੍ਹਾਂ ਸਾਧਾਂ ਸੰਤਾਂ ਨੇ, ਜਿਹੋ ਜਿਹਾ ਇਨ੍ਹਾਂ ਪਾਸੋਂ ਹੋ ਸਕਿਆ; ਸਿਖ ਸੰਗਤਾਂ ਵਿਚ ਗੁਰਮਤਿ ਦਾ ਪ੍ਰਚਾਰ, ਵੇਦ ਸ਼ਾਸਤਰੀ ਅਤੇ ਬ੍ਰਾਹਮਣੀ ਵਿਚਾਰਧਾਰਾ ਦੀ ਰੰਗਣ ਵਿਚ ਰੰਗ ਕੇ ਕੀਤਾ। ਇਹ ਸਾਧ-ਸੰਤ ਆਮ ਕਰਕੇ ਅੰਮ੍ਰਿਤਧਾਰੀ ਨਹੀਂ ਸਨ। ਅਠਾਰ੍ਹਵੀਂ ਅਤੇ ਉਨੀਵੀਂ ਸਦੀ ਵਿਚ ਟਾਵੇਂ ਟਾਵੇਂ ਅੰਮ੍ਰਿਤਧਾਰੀ ਸਿੰਘ ਹੁੰਦੇ ਸਨ। ਨਿਰੰਕਾਰੀ ਬਾਬਾ ਦਰਬਾਰਾ ਸਿੰਘ ਜਾਂ ਨਾਮਧਾਰੀ ਬਾਬਾ ਰਾਮ ਸਿੰਘ ਵਰਗੇ ਗੁਰਮੁਖਾਂ ਨੇ ਉਨੀਵੀਂ ਸਦੀ ਵਿਚ ਸਿੱਖ ਲਹਿਰ ਨੂੰ ਇਕ ਨਵੀਂ ਦਿਸ਼ਾ ਦਿੱਤੀ। ਇਨ੍ਹਾਂ ਦੋਹਾਂ ਨੇ ਇਹ ਵੇਖ ਲਿਆ ਸੀ ਕਿ ਉਦਾਸੀ ਅਤੇ ਨਿਰਮਲੇ ਸਾਧ ਅਤੇ ਬੇਦੀ ਪੁੱਤਰ ਬ੍ਰਾਹਮਣੀ ਵਿਚਾਰਧਾਰਾ ਨੂੰ ਗੁਰਮਤਿ ਦੀ ਵਿਚਾਰ-ਧਾਰਾ ਨਾਲ ਰੱਲ-ਗੱਡ ਕਰ ਕੇ ਪ੍ਰਚਾਰਦੇ ਆ ਰਹੇ ਹਨ। ਨਿਰਮਲੇ ਸਾਧਾਂ ਨੇ ਤਾਂ ਇਹ ਵੀ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਜਵਾਂ ਵੇਦ ਹੈ, ਜਦ ਕਿ ਅੱਜ ਵੀਹਵੀਂ ਸਦੀ ਦਾ ਸਾਧਾਰਨ ਸਿੱਖ ਭੀ ਇਹ ਜਾਣਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਜਵਾਂ ਵੇਦ ਨਹੀਂ, ਸਗੋਂ ਈਸ਼ਵਰੀ ਗਿਆਨ ਦਾ ਬੇ-ਮਿਸਾਲ ਭੰਡਾਰ ਹੈ। ਇਹਨਾਂ ਸਾਧਾਂ ਦਾ ਇਹੋ ਯਤਨ ਰਿਹਾ ਹੈ ਕਿ ਕਿਸੇ ਤਰ੍ਹਾਂ ਸਿੱਖ ਕੌਮ ਨੂੰ ਹਿੰਦੂ ਧਰਮ ਨਾਲ ਮੇਲ ਲਿਆ ਜਾਵੇ। ਇਸੇ ਲਈ ਭਾਈ ਕਾਨ੍ਹ ਸਿੰਘ ਨਾਭਾ ਨੂੰ ਇਨ੍ਹਾਂ ਸਾਧਾਂ ਅਤੇ ਆਰੀਆ ਸਮਾਜੀਆਂ ਦਾ ਮੂੰਹ ਬੰਦ ਕਰਨ ਲਈ ਇਕ ਪੁਸਤਕ 'ਹਮ ਹਿੰਦੂ ਨਹੀਂ' ਲਿਖਣੀ ਪਈ।

ਸਿੰਘ ਸਭਾ ਲਹਿਰ ਅਤੇ ਪਛਮੀ ਸਿੱਖਿਆ ਦੇ ਪ੍ਰਸਾਰ ਨੇ ਆਮ ਮਾਮੂਲੀ ਪੜ੍ਹੇ-ਲਿਖੇ ਸਿੱਖ ਨੂੰ ਭੀ ਤਰਕ-ਸ਼ੀਲ ਬਣਾ ਦਿੱਤਾ। ਸੌ ਸਾਲ ਪਹਿਲਾਂ ਜੋ ਕੁਝ ਸੰਤ ਕਹਿ ਦਿੰਦੇ ਸਨ, ਸ਼ਰਧਾਲੂਆਂ ਲਈ ਉਹ ਪੱਥਰ ਤੇ ਲਕੀਰ ਵਾਂਗ ਅਟੱਲ ਬਚਨ ਹੁੰਦੇ ਸਨ। ਪਰ ਨਵੀਂ ਸਿੱਖਿਆ ਦੇ ਅਸਰ ਹੇਠ ਆਏ ਨੌਜਵਾਨ ਸਿੱਖਾਂ ਨੇ ਸੰਤਾਂ ਤੇ ਕਿੰਤੂ-ਪ੍ਰੰਤੂ ਕਰਨਾ ਆਰੰਭ ਕਰ ਦਿੱਤਾ। ਇਸ ਲਈ ਸਾਧਾਂ ਨੂੰ ਭੀ ਆਪਣੇ ਪ੍ਰਚਾਰ-ਢੰਗ ਬਦਲਣੇ ਪਏ। ਕਥਾ ਕਰਨ ਵਾਲੇ ਭੀ ਹੁਣ ਸੋਚ-ਸਮਝ ਕੇ ਕਥਾ ਕਰਦੇ ਹਨ। ਪੁਰਾਣੇ ਕਿਸਮ ਦੀ ਵਿਆਖਿਆ ਅਤੇ ਨਵੀਂ ਕਿਸਮ ਦੀ ਵਿਆਖਿਆ ਵਿਚ ਅੰਤਰ ਹੈ, ਸੰਤ ਸਮਾਜ ਇਸ ਸੱਚਾਈ ਨੂੰ ਅਖੋਂ ਪਰੋਖੇ ਨਹੀਂ ਕਰ ਸਕਦਾ।

ਪਰ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਇਕ ਨਵੀਂ ਲਹਿਰ ਦੇਖਣ ਵਿਚ ਆਈ ਹੈ। ਇਹ ਕਹਿਣਾ ਔਖਾ ਹੈ ਕਿ ਸੰਤ ਸਮਾਜ ਦੀ ਲਹਿਰ ਪਿਛੇ ਕਿਸ ਦਾ ਹੱਥ ਹੈ ? ਸਿੱਖ ਸਮਾਜ ਦੀ ਗੱਲ ਤਾਂ ਇਕ ਰਵਾਇਤੀ ਗੱਲ ਬਣ ਚੁਕੀ ਹੈ ਪਰ ਸਾਡੇ ਸੰਤਾਂ ਨੂੰ ਆਪਣੀ ਹੋਂਦ ਜਤਲਾਣ ਦੀ ਕੀ ਲੋੜ ਪੈ ਗਈ ? ਪਿੰਡ ਲੂਲ੍ਹੋਂ (ਜ਼ਿਲਾ



www.AKJ.Org

ਫਤਹਗੜ ਸਾਹਿਬ) ਦੇ ਸੰਤ ਬਾਬਾ ਹਰਦੇਵ ਸਿੰਘ ਦੇ ਡੇਰੇ ਵਿਖੇ ੧੫-੧੬ ਨਵੰਬਰ ੯੩ ਨੂੰ ਇਕ ਸੰਤ ਸਮਾਗਮ ਕੀਤਾ ਗਿਆ, ਜਿਸ ਵਿਚ ਨਿਰਮਲੇ ਸੰਤਾਂ, ਨਿਹੰਗ ਸਿੰਘਾਂ, ਅਤੇ ਹੋਰ ਅਨੇਕਾਂ ਡੇਰੇਦਾਰ 'ਸੰਤਾਂ ਮਹਾਂਪੁਰਖਾਂ' ਦੀ ਇਕੱਤਰਤਾ ਹੋਈ ਸੀ, ਜਿਸ ਵਿਚ ਸੰਤ ਸਮਾਜ ਬਣਾਉਣ ਦਾ ਮਤਾ ਪਾਸ ਕੀਤਾ ਗਿਆ। ਇਸ ਸਮਾਜ ਦੇ ਮੁਖ-ਸਰਪ੍ਰਸਤ ਬਾਬਾ ਠਾਕਰ ਸਿੰਘ ਜੀ (ਦਮਦਮੀ ਟਕਸਾਲ ਵਾਲੇ) ਅਤੇ ਕਨਵੀਨਰ ਸੰਤ ਬਾਬਾ ਸਰਬਜੋਤ ਸਿੰਘ ਜੀ ਬੇਦੀ, ਊਨਾ ਸਾਹਿਬ ਥਾਪੇ ਗਏ। ਮਤੇ ਵਿਚ ਕਿਹਾ ਗਿਆ ਕਿ ਸੰਤ ਸਮਾਜ ਦਾ ਮੁਖ ਨਿਸ਼ਾਨਾ ਗੁਰਮਤਿ ਦੇ ਸਿਧਾਂਤਾਂ ਦਾ ਪ੍ਰਚਾਰ ਕਰਨਾ ਹੈ। ਇਸ ਦੇ ਮਤਾ ਨੰ: ੭ ਵਿਚ ਸਮੂਹ ਸਿੱਖੀ ਦਾ ਪ੍ਰਚਾਰ ਕਰਨ ਵਾਲੀਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਗਈ ਕਿ ਉਹ 'ਸੰਤ ਸਮਾਜ' ਨੂੰ ਪ੍ਰਚਾਰ ਕਰਨ ਵਿਚ ਸਹਿਯੋਗ ਦੇਣ। ਵਿਸਥਾਰ ਲਈ 'ਅੱਜ ਦੀ ਆਵਾਜ਼' ਅਖਬਾਰ ੧੫ ਅਤੇ ੧੬ ਨਵੰਬਰ ੯੩ ਵੇਖੀ ਜਾ ਸਕਦੀ ਹੈ।

ਜੇ ਇਸ ਤੋਂ ਪਹਿਲਾਂ ਭੀ ਸਾਰੇ 'ਸੰਤ ਮਹਾਂ ਪੁਰਖ' ਗੁਰਮਤਿ ਦਾ ਹੀ ਪ੍ਰਚਾਰ ਕਰਦੇ ਆ ਰਹੇ ਸਨ ਤਾਂ ਫਿਰ ਅੱਜ ਮਤਾ ਪਾਸ ਕਰ ਕੇ ਕਿਹੜੀ ਨਵੀਂ ਗੱਲ ਆਖੀ ਗਈ ਹੈ? ਇਸ ਸਮਾਜ ਦੀ ਸਿਰਜਨਾ ਪਿਛੇ ਸੰਤਾਂ ਦੇ ਸਿਆਸੀ ਮਨੋਰਥ ਹੋਣ ਦੀ ਚਰਚਾ ਹਰ ਥਾਂ ਹੋ ਰਹੀ ਹੈ। ਸੰਤ ਸਮਾਜ ਦੀ ਸਥਾਪਨਾ ਸੰਬੰਧੀ ਲੂਲ੍ਹੋਂ ਵਿਖੇ ਜੋ ਗਰਮਾ ਗਰਮ ਭਾਸ਼ਣ ਸੰਤਾਂ-ਮਹਾਂਪੁਰਖਾਂ ਨੇ ਦਿਤੇ, ਉਸ ਵਿਚ ਇਕ ਦਲੀਲ ਇਹ ਭੀ ਸੀ ਕਿ ਜੇ ਪਟਵਾਰੀਆਂ ਦੀ ਯੂਨੀਅਨ ਹੈ, ਜੇ ਮਾਸਟਰਾਂ, ਪ੍ਰੋਫ਼ੈਸਰਾਂ, ਡਾਕਟਰਾਂ, ਨਰਸਾਂ, ਜਮਾਂਦਾਰਾਂ ਅਤੇ ਹੀਜੜਿਆਂ ਦੀਆਂ ਯੂਨੀਅਨਾਂ ਕਾਇਮ ਹੋ ਸਕਦੀਆਂ ਹਨ ਤਾਂ ਤੇਜ਼ੀ ਨਾਲ ਬਦਲ ਰਹੇ ਜ਼ਮਾਨੇ ਵਿਚ ਸੰਤਾਂ ਨੂੰ ਚਾਹੀਦਾ ਹੈ ਕਿ ਇਕ-ਮੁੱਠ ਹੋ ਕੇ ਤੁਰਨ ਅਤੇ ਇਕ ਯੂਨੀਅਨ ਬਣਾਉਣ, ਕਿਉਂਕਿ ਪਤਾ ਨਹੀਂ ਕਿਸੇ ਸਮੇਂ ਕੌਣ ਸਿਰ-ਫਿਰਿਆ ਆ ਪਵੇ ਤੇ ਡੇਰੇ ਖਤਮ ਕਰ ਦੇਵੇ।

ਦਰ-ਅਸਲ ਜਦੋਂ ਆਲ ਇੰਡੀਆ ਗੁਰਦੁਆਰਾ ਐਕਟ ਦਾ ਖਰੜਾ ਤਿਆਰ ਕਰ ਕੇ ਭਾਰਤ ਸਰਕਾਰ ਨੂੰ ਭੇਜਿਆ ਗਿਆ ਤਾਂ ਉਸ ਸਮੇਂ ਕਈ ਡੇਰੇਦਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੜੇ ਸਤਿਕਾਰ ਸਹਿਤ ਡੇਰਿਆਂ ਵਿਚੋਂ ਕਿਸੇ ਸੁਰੱਖਿਅਤ ਥਾਂ ਪਹੁੰਚਾ ਦਿਤਾ; ਇਸ ਖਿਆਲ ਨਾਲ ਕਿ ਜੇ ਡੇਰਾ ਬੱਚ ਗਿਆ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਫਿਰ ਕਿਤੋਂ ਲੈ ਆਵਾਂਗੇ। ਗੁਰੂ ਸਾਹਿਬ ਦੇ ਡੇਰੇ ਵਿਚ ਰਹਿਣ ਨਾਲ ਡੇਰੇ ਦੀ ਹੋਂਦ ਨੂੰ ਖ਼ਤਰਾ ਪੈ ਸਕਦਾ ਹੈ।

ਅਜੋਕਾ ਸੰਤ ਸਮਾਜ ਵੀ ਹੋਰ ਕੁਝ ਕਰਨ ਦੇ ਰੌਂਅ ਵਿਚ ਨਹੀਂ ਲਗਦਾ। ਧਰਮ ਪ੍ਰਚਾਰ ਦਾ ਤਾਂ ਮਖੌਟਾ ਹੀ ਰਖਿਆ ਗਿਆ ਹੈ। ਸਾਰਾ ਸਿੱਖ ਜਗਤ ਜਾਣਦਾ ਹੈ ਕਿ ਡੇਰੇਦਾਰਾਂ ਨੇ ਆਪਣੀ ਪਹਿਚਾਣ ਨੂੰ ਵਿਲੱਖਣ ਦਰਸਾਉਣ ਲਈ ਰਹਿਤ ਮਰਯਾਦਾ ਵਿਚ ਕੋਈ ਨ ਕੋਈ ਵਾਧਾ ਘਾਟਾ ਕੀਤਾ ਹੋਇਆ ਹੈ। ਸੰਤ ਸਮਾਜ ਦਾ ਸ਼ਾਇਦ ਸਭ ਤੋਂ ਪਹਿਲਾ ਨਿਸ਼ਾਨਾ ਰਹਿਤ ਮਰਯਾਦਾ ਨੂੰ ਇਕ-ਸਾਰ ਕਰਨਾ ਹੈ। ਸਮੁਚੇ ਸਿੱਖ ਪੰਥ ਵਿਚ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪ੍ਰਵਾਣਿਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ "ਸਿਖ ਰਹਿਤ ਮਰਯਾਦਾ" ਦੇਸ ਅਤੇ ਪਰਦੇਸ ਵਿਚ ਲਾਗੂ ਹੈ। ਹੈਰਾਨੀ ਇਸ ਗੱਲ ਉਤੇ ਹੈ ਕਿ ਆਖ਼ਰ ਸੰਤ ਸਮਾਜ ਨੂੰ ਸਦੀਆਂ ਦੀ ਡੇਰੇਦਾਰੀ ਕਰਨ ਤੋਂ ਬਾਅਦ ਇਹ ਫੁਰਨਾ ਕਿਵੇਂ ਫੁਰ ਪਿਆ? ਸਵਾਲ ਇਹ ਹੈ ਕਿ ਸੰਤ ਸਮਾਜ ਆਮ ਸਿੱਖਾਂ ਵਾਲੀ ਰਹਿਤ ਮਰਯਾਦਾ ਦਾ ਧਾਰਨੀ ਕਿਉਂ ਨਹੀਂ ਬਣਨਾ ਚਾਹੁੰਦਾ? ਕਿਉਂਕਿ ਉਹ ਸੰਤ ਹਨ? ਹੈ ਭੀ ਠੀਕ, ਸੰਤ ਆਸਣ ਜਾਂ ਗਦੇਲਾ ਲਗਾ ਕੇ ਬੈਠਦਾ ਹੈ ਤੇ ਸਿੱਖ ਨੇ ਤਾਂ ਉਹਨਾਂ ਦੇ ਚਰਨਾਂ ਵਿਚ ਤਪੜ ਜਾਂ ਦਰੀ ਤੇ ਹੀ ਬੈਠਣਾ ਹੋਇਆ। ਇਸ ਲਈ ਵੀਹਵੀਂ ਸਦੀ ਦੇ ਅੰਤ ਵਿਚ ਸਿੱਖ ਸਮਾਜ ਇਸ ਸਿੱਟੇ ਤੇ ਪੁਜਾ ਹੈ ਕਿ ਖਾਲਸੇ ਪੰਥ ਵਿਚ ਅਗੋਂ ਲਈ ਦੋ ਤਰ੍ਹਾਂ ਦੀ ਰਹਿਤ ਪ੍ਰਚਲਤ ਹੋਵੇਗੀ—ਇਕ ਸੰਤਾਂ ਲਈ ਤੇ ਇਕ ਸਿੱਖਾਂ ਲਈ।

ਸ੍ਰੀ ਅੰਮ੍ਰਿਤਸਰ ਵਿਖੇ ੩੧ ਦਸੰਬਰ ੯੩ ਤੋਂ ੨ ਜਨਵਰੀ ੯੪ ਤੱਕ ਉਪਰੋਕਤ ਨਵੇਂ ਸਿਰਜੇ ਸੰਤ ਸਮਾਜ, ਦਾ ਪਹਿਲਾ ਸਮਾਗਮ ਹੋਇਆ ਤਾਂ ਇਸ ਵਿਚ ਇਕ ਮਾਟੋ ਬੀਬੀਆਂ ਵਾਲੇ ਪਾਸੇ ਬੜੀ ਸ਼ਾਨ ਨਾਲ ਸਜਾਇਆ ਗਿਅ



www.AKJ.Org

ਸੀ। ਉਸ ਉਤੇ ਲਿਖਿਆ ਹੋਇਆ ਸੀ।

"ਪਵਿੱਤਰ ਫ਼ੋਟੋ ਮੂਰਤੀ-ਪੂਜਾ ਨਹੀਂ
ਗੁਰੂ ਘਰ ਚਿਤਰ-ਦਰਸ਼ਨ ਪ੍ਰਵਾਨ ਹੈ।"

ਕੀ ਸੰਤ ਸਮਾਜ ਗੁਰਮਤਿ ਵਿਚ ਮੂਰਤੀ-ਪੂਜਾ ਦੇ ਹੱਕ ਵਿਚ ਕੋਈ ਪਰਮਾਣ ਦੇਣ ਦੀ ਖੇਚਲ ਕਰੇਗਾ ?

ਸੰਤ ਸਮਾਜ ਨੂੰ ਪਵਿਤਰ ਫ਼ੋਟੋ ਦੀ ਭੀ ਵਿਆਖਿਆ ਕਰਨੀ ਚਾਹੀਦੀ ਸੀ। ਇਸ ਪੋਸਟਰ ਨਾਲ ਸ਼ਰਧਾਲੂ ਸੰਗਤਾਂ ਵਿਚ ਕਈ ਪ੍ਰਕਾਰ ਦੇ ਭੁਲੇਖੇ ਪੈ ਸਕਦੇ ਹਨ। ਵੈਸੇ ਡੇਰਿਆਂ ਵਿਚ ਵੇਖਣ 'ਚਿ ਆਇਆ ਹੈ ਕਿ ਪਵਿਤਰ ਫੋਟੋ ਵਰਤਮਾਨ ਜਾਂ ਸਵਰਗਵਾਸੀ ਸੰਤ-ਮਹਾਂਪੁਰਖਾਂ ਦੀ ਹੀ ਮੰਨੀ ਜਾਂਦੀ ਹੈ। ਹਰ ਡੇਰੇ ਵਿਚ ਉਥੋਂ ਦੇ 'ਮਹਾਂ-ਪੁਰਖ' ਦੀਆਂ ਫੋਟੋਆਂ ਕਾਫੀ ਵੱਡੇ ਸਾਈਜ਼ ਦੀਆਂ ਲਗੀਆਂ ਹੁੰਦੀਆਂ ਹਨ, ਜਿਨ੍ਹਾਂ ਉਪਰ ਕਾਗਜ਼ੀ ਫੁਲ-ਮਾਲਾ, ਜਾਂ ਕੋਈ ਸ਼ਰਧਾਲੂ ਆਪਣੀ ਮੁਰਾਦ ਪੂਰੀ ਹੋਣ ਤੇ ਉਸ ਫੋਟੋ ਉਤੇ ਨੋਟਾਂ ਦਾ ਹਾਰ ਪੁਆ ਦਿੰਦਾ ਹੈ। ਬਸ, ਫਿਰ ਇਕ ਪਰੰਪਰਾ ਤੁਰ ਪੈਂਦੀ ਹੈ, ਜਿਸ ਵਿਚ ਕੰਪੀਟੀਸ਼ਨ ਦੀ ਬੜੀ ਗੁੰਜਾਇਸ਼ ਹੈ। ਕੀ ਕਿਸੇ ਸੰਤ ਦੇ ਚਿਤਰ-ਦਰਸ਼ਨ ਗੁਰਮਤਿ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਦੇ ਤੁਲ ਹੋ ਸਕਦੇ ਹਨ ? ਪਰ ਉਹਨਾਂ ਦੇ ਡੇਰਿਆਂ ਵਿਚ ਇਨ੍ਹਾਂ ਦੇ ਚਿਤਰਾਂ ਦੀ ਜ਼ਿਆਦਾ ਮਹੱਤਤਾ ਕਹੀ ਜਾਂਦੀ ਹੈ। ਫਿਰ ਇਨ੍ਹਾਂ ਡੇਰਿਆਂ ਵਿਚ ਸੰਤਾਂ ਮਹਾਂਪੁਰਖਾਂ ਦੀਆਂ ਬਰਸੀਆਂ ਤੇ ਤਾਂ ਮੇਲੇ ਲਗਦੇ ਹਨ, ਪਰ ਸਤਿਗੁਰੂ ਸਾਹਿਬਾਨ ਦੇ ਗੁਰਪੁਰਬਾਂ ਤੇ ਸ਼ਾਇਦ ਹੀ ਦੀਵਾਨ ਸਜਾਏ ਜਾਂਦੇ ਹੋਣ।

ਜਾਪਦਾ ਹੈ ਕਿ ਸੰਤ ਸਮਾਜ ਨੇ ਭੀ ਰਾਧਾ ਸੁਆਮੀਆਂ ਵਾਲੇ ਫ਼ਾਰਮੂਲੇ ਤੇ ਅਮਲ ਕਰਨੇ ਸ਼ੁਰੂ ਕਰ ਦਿਤੇ ਹਨ। ਬਾਬਾ ਜੈਮਲ ਸਿੰਘ ਅਤੇ ਬਾਬਾ ਸਾਵਣ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰਬਾਣੀ ਦੀਆਂ ਸਤਿਗੁਰੂ-ਮਹਿਮਾ ਦੀਆਂ ਉਹ ਤੁਕਾਂ ਚੁਣ ਲੈਂਦੇ ਸਨ ਤੇ ਵਿਆਖਿਆ ਕਰਨ ਲਗਿਆਂ ਉਨ੍ਹਾਂ ਤੁਕਾਂ ਦੇ ਭਾਵ-ਅਰਥ ਆਪਣੇ ਉਤੇ ਢੁਕਾਉਂਦੇ ਸਨ। ਆਖ਼ਰ ਕਰਦੇ-ਕਰਦੇ ਇਕ ਸੌ ਸਾਲ ਬਾਅਦ ਅੱਜ ਸੰਸਾਰ ਨੂੰ ਇਹ ਦਸਣਾ ਹੀ ਮੁਸ਼ਕਲ ਹੋ ਗਿਆ ਹੈ ਕਿ ਕਦੀ ਰਾਧਾ ਸੁਆਮੀ ਬਾਬੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੀ ਸਿੱਖ ਹੁੰਦੇ ਸਨ। ਉਹ ਸਿੱਖ ਤੋਂ ਆਪੂੰ ਸਤਿਗੁਰੂ ਬਣ ਬੈਠੇ। ਆਪੂੰ ਬਣੇ ਸਤਿਗੁਰਾਂ ਦਾ ਆਪਣਾ ਪਾਰ-ਉਤਾਰਾ ਗੁਰਮਤਿ ਸਿਧਾਂਤ ਦੀ ਰੋਸ਼ਨੀ ਵਿਚ ਕਦੀ ਨਹੀਂ ਹੋਇਆ, ਉਹਨਾਂ ਦੇ ਪਿੱਛ-ਲਗਿਆਂ ਦਾ ਰੱਬ ਹੀ ਰਾਖਾ ਹੈ।

ਸ੍ਰੀ ਅੰਮ੍ਰਿਤਸਰ ਵਿਖੇ ਹੋਏ ਸੰਤ ਸੰਮੇਲਨ ਵਿਚ ਕਬੀਰ ਸਾਹਿਬ ਦਾ ਹੇਠ ਦਿਤਾ ਮਾਟੋ, ਕੀ ਸੰਤ ਸਮਾਜ ਦੇ ਕਿਸੇ ਮਹਾਂਪੁਰਖ ਲਈ ਗੁਰਬਾਣੀ ਵਿਚ ਅੰਕਤ ਕੀਤਾ ਗਿਆ ਸੀ ?–

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥
ਰਾਮ ਜੁ ਦਾਤਾ ਮੁਕਤਿ ਕੋ, ਸੰਤੁ ਜਪਾਵੈ ਨਾਮੁ ॥੧੬੪॥ (ਪੰਨਾ ੧੩੭੩)

ਯੂਨੀਅਨਾਂ ਦੇ ਇਸ ਸਮਾਜਵਾਦੀ ਯੁਗ ਵਿਚ ਆਮ ਸੰਸਾਰੀਆਂ ਦੀ ਰੀਸ-ਘੜੀਸੇ ਸੰਤ ਸਮਾਜ ਦੀ ਸਥਾਪਨਾ ਵੀ ਇਕ ਸਿਆਸੀ ਕਦਮ ਹੈ। ਉਮਰ ਭਰ ਸੰਤ ਬਣ ਕੇ ਜੀਣ ਵਾਲ਼ਿਓ! ਕਦੀ ਸਿੱਖ ਬਣ ਕੇ ਜੀਵਨ ਬਤੀਤ ਕਰ ਕੇ ਵੇਖੋ। ਫ਼ਰਕ ਪਤਾ ਲਗ ਜਾਵੇਗਾ। ਸੰਤ ਬਣ ਕੇ ਗੱਦੀ ਲਗਾ ਕੇ ਬੈਠਣਾ ਸੌਖਾ ਹੈ। ਗੁਰੂ ਕਾ 'ਸਚਿਆਰ' ਸਿੱਖ ਬਣ ਕੇ ਜੀਊਣਾ ਹੋਰ ਗੱਲ ਹੈ। ਆਪੂੰ ਬਣੇ ਸੰਤ ਦਾ ਗੁਰੂ ਦੇ 'ਸਚਿਆਰ-ਸਿੱਖ ਬਣੇ ਰਹਿਣ ਵਿਚ ਹੀ ਭਲਾ ਹੈ। 'ਸੰਤ' ਬਣਨ ਵਿਚ ਖ਼ਤਰਾ ਹੀ ਖ਼ਤਰਾ ਹੈ। ਸਤਿਗੁਰਾਂ ਨੇ ਤਾਂ ਉਪਦੇਸ਼ ਦੇ ਕੇ ਸਿੱਖ ਹੀ ਪੈਦਾ ਕੀਤੇ ਸਨ। ਫਿਰ ਇਹ ਡੇਰੇ, ਇਹ ਸੰਤ ਕਿਵੇਂ ਬਣ ਗਏ ?

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (ਪੰਨਾ ੩੦੬)


www.AKJ.Org

# ਡਾ: ਪਿਸ਼ੌਰਾ ਸਿੰਘ ਨੇ ਦੋਸ਼ ਸਵੀਕਾਰ ਕਰ ਲਏ

ਡਾ: ਪਿਸ਼ੌਰਾ ਸਿੰਘ ਨੇ ਆਪਣੇ ਵਿਵਾਦ-ਗ੍ਰਸਤ ਪੀ. ਐਚ. ਡੀ. ਥੀਸਿਸ "ਦੀ ਟੈਕਸਟ ਐਂਡ ਮੀਨਿੰਗ ਆਫ ਆਦਿ ਗ੍ਰੰਥ" ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣਿਕਤਾ ਨੂੰ ਚੁਣੌਤੀ ਦੇਣ ਬਾਰੇ ਲਗਦੇ ਸਾਰੇ ਦੋਸ਼ਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਪੇਸ਼ ਹੋ ਕੇ ਲਿਖਤੀ ਤੌਰ ਤੇ ਸਵੀਕਾਰ ਕਰ ਲਿਆ ਹੈ ਅਤੇ 27-6-94 ਨੂੰ ਤਖ਼ਤ ਸਾਹਿਬ ਵਲੋਂ ਲਗਾਈ ਗਈ ਧਾਰਮਿਕ ਸਜ਼ਾ ਪਰਵਾਨ ਕਰ ਲਈ ਹੈ। ਦੋਸ਼-ਪੱਤਰ ਆਦਿ ਦੇ ਵੇਰਵੇ ਆਉਂਦੇ 'ਸੂਰਾ' ਵਿਚ ਦਿਤੇ ਜਾਣਗੇ।

---

# ਝਟਕਾ ਮਾਸ ਬਾਰੇ ਵਾਦ-ਵਿਵਾਦ

ਕਈ ਥਾਈਂ ਝਟਕਾ ਮਾਸ ਬਾਰੇ ਵਾਦ-ਵਾਦ ਖੜਾ ਕੀਤਾ ਜਾਂਦਾ ਹੈ ਅਤੇ 'ਸੂਰਾ' ਦੇ ਪਾਠਕਾਂ ਵਲੋਂ ਇਸ ਬਾਰੇ ਪੁੱਛਾਂ ਆਉਂਦੀਆਂ ਹਨ। ਇਸ ਸੰਬੰਧ ਵਿਚ ਗੁਰਮਤਿ, ਗੁਰਬਾਣੀ ਅਤੇ ਇਤਿਹਾਸ ਦੀ ਅਸਲੀਅਤ ਦੇ ਸਾਹਮਣੇ ਹੇਠ ਲਿਖੀਆਂ ਪੁਸਤਕਾਂ ਤੇ ਟਰੈਕਟ ਪੜ੍ਹ ਕੇ ਸਹੀ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ—

| | | |
|---|---|---|
| ਝਟਕਾ ਮਾਸ ਪ੍ਰਥਾਇ ਗੁਰਮਤਿ ਤੱਤ ਨਿਰਣੈ | (ਭਾ: ਸਾ: ਰਣਧੀਰ ਸਿੰਘ ਜੀ) | ੧੨—੦੦ |
| ਸਿਖ ਧਰਮ ਤੇ ਮਾਸ ਸ਼ਰਾਬ | (ਜੇ. ਪੀ. ਸੰਗਤ ਸਿੰਘ) | ੨੦—੦੦ |
| ਤਉ ਕਿਉ ਮੁਰਗੀ ਮਾਰੈ | (ਭਾਈ ਜੋਗਿੰਦਰ ਸਿੰਘ ਜੀ ਤਲਵਾੜਾ) | ੨—੦੦ |
| ਖਾਲਸਾ ਰਹਿਤ ਮਰਯਾਦਾ | (ਸੂਰਾ ਪਰਵਾਰ) | ੩—੫੦ |
| ਗੁਰਬਾਣੀ ਰਹਿਤਨਾਮਾ | (ਭਾ: ਸਾ: ਰਾਮ ਸਿੰਘ ਜੀ) | ੧—੫੦ |
| ਗੁਰਸਿਖ ਰਹਿਣੀ | (ਪ੍ਰੋ: ਅਮਰਜੀਤ ਕੌਰ) | ੨—੦੦ |

## ਸ੍ਰੀ ਭਗਉਤੀ ਪ੍ਰਬੋਧ

ਦਸਮ ਪਾਤਸ਼ਾਹ ਜੀ ਦੀ ਬਾਣੀ ਵਿਚ ਵਰਤੇ ਸ਼ਬਦ 'ਭਗਉਤੀ' ਬਾਰੇ ਕਈ ਤਰ੍ਹਾਂ ਦੇ ਭੁਲੇਖੇ ਪਾਏ ਗਏ ਹਨ। ਇਹ ਬਹੁ-ਅਰਥਕ ਸ਼ਬਦ ਹੈ ਅਤੇ ਇਸ ਬਾਰੇ ਸਹੀ ਸੋਧ ਦੇਣ ਲਈ ਭਾਈ ਕਾਨ੍ਹ ਸਿੰਘ ਜੀ ਨਾਭਾ, ਭਾ: ਸਾ: ਰਣਧੀਰ ਸਿੰਘ ਜੀ, ਪ੍ਰੋ: ਸਾਹਿਬ ਸਿੰਘ ਜੀ, ਡਾ: ਜਸਵੰਤ ਸਿੰਘ ਨੇਕੀ, ਭਾਈ ਜੋਗਿੰਦਰ ਸਿੰਘ ਤਲਵਾੜਾ ਅਤੇ ਹੋਰ ਵਿਦਵਾਨਾਂ ਦੇ ਲੇਖ ਇਸ ਟ੍ਰੈਕਟ ਵਿਚ ਦਿਤੇ ਗਏ ਹਨ। ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ। ਭੇਟਾ ੨—੦੦

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | | | |
|---|---|---|---|---|---|
| ਜੇਲ੍ਹ ਚਿੱਠੀਆਂ | ੩੫-੦੦ | ਅਣਡਿੱਠੀ ਦੁਨੀਆ | ੨੫-੦੦ | ਗੁਰਮਤਿ ਨਾਮ ਅਭਿਆਸ ਕਮਾਈ | ੨੦-੦੦ |
| ਗੁਰਮਤਿ ਲੇਖ | ੨੦-੦੦ | ਗੁਰਮਤਿ ਵਿਚਾਰ | ੨੦-੦੦ | ਅਨਹਦ ਸ਼ਬਦ ਦਸਮ ਦੁਆਰ | ੧੫-੦੦ |
| ਗੁਰਮਤਿ ਬਿਬੇਕ | ੨੦-੦੦ | ਗੁਰਮਤਿ ਪ੍ਰਕਾਸ਼ | ੧੫-੦੦ | ਨਾਮ ਤੇ ਨਾਮ ਦਾ ਦਾਤਾ | ੨੦-੦੦ |
| ਗੁਰਮਤਿ ਗੌਰਵਤਾ | ੩੨-੦੦ | ਸਚਖੰਡ ਦਰਸਨ | ੭-੫੦ | ਕੀ ਗੁਰੂਗ੍ਰੰਥਸਾਹਿਬ ਪੂਜਾ ਬੁੱਤਪ੍ਰਸਤੀ ਹੈ ? | ੧੨-੦੦ |
| ਰੰਗਲੇ ਸੱਜਣ | ੨੦-੦੦ | ਗੁਰਮਤਿ ਸੱਚ ਨਿਰਣੈ | ੧੫-੦੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਜੋਤਿ ਵਿਗਾਸ | ੧੭-੫੦ | ਦਰਸ਼ਨ ਝਲਕਾਂ | ... ... | ਚਰਨ ਕਮਲ ਕੀ ਮਉਜ | ... ... |
| ਸੰਤ ਪਦ ਨਿਰਣੈ | ... ... | ਗੁ: ਕਰਮ ਫਿਲਾਸਫੀ | ... ... | ਕੋ ਵਿਰਲਾ ਗੁਰਮਤਿ ਚਲੈ ਜੀਉ | ੧-੫੦ |
| ਅੰਮ੍ਰਿਤ ਕੀ ਹੈ ? | ੩-੦੦ | ਅੰਮ੍ਰਿਤ ਕਲਾ | ੨-੫੦ | ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੫੦ |
| ਗੁਰਮਤਿ ਰਮਜ਼ਾਂ | ੨-੫੦ | ਵਾਹਿਗੁਰੂ ਸਿਮਰਨ | ੧-੫੦ | ਸਿੰਘਾਂ ਦਾ ਪੰਥ ਨਿਰਾਲਾ | ੨-੦੦ |
| ਸੁਪਨਾ | ੧-੫੦ | ਸਿੱਖ ਕੌਣ ਹੈ | ੧-੫੦ | ਬਾਬਾ ਵੈਦ ਰੋਗੀਆਂ ਦਾ | ੧-੫੦ |
| ਸੱਚੀਆਂ ਦਾੜ੍ਹੀਆਂ | ੧-੫੦ | ਆਸਤਕ ਤੇ ਨਾਸਤਕ | ੧-੦੦ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੧-੫੦ |
| ਸ਼ੰਕਿਆਂ ਦੇ ਉਤਰ | | | ੨-੫੦ | ਤਿਮਰ ਅਗਿਆਨ ਤੋਂ ਉਜਿਆਰਾ | ੧-੬੦ |
| ਨਾਮ ਸੰਬੰਧੀ ਵਿਚਾਰ | | | ੨-੫੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ | ੧-੦੦ |
| ਸਿੱਖੀ ਸਿਦਕ ਤੇ ਧਰਮ ਰਖਿਆ | | | ੧-੫੦ | ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੨-੦੦ |

www.AKJ.Org

## ਅਖੰਡ ਕੀਰਤਨੀ ਜਥਾ ਅੰਬਾਲਾ ਛਾਉਣੀ ਵਲੋਂ ਸਾਲਾਨਾ ਸਮਾਗਮ

ਗੁਰਦੁਆਰਾ ਗੋਬਿੰਦ ਨਗਰ ਵਿਖੇ 12 ਤੋਂ 15 ਅਗਸਤ 1994 ਨੂੰ। ਵੇਰਵਾ ਆਉਂਦੇ 'ਸੂਰਾ' ਵਿਚ

## ਅਖੰਡ ਕੀਰਤਨੀ ਜਥਾ ਚੰਡੀਗੜ੍ਹ ਵਲੋਂ ਸਾਲਾਨਾ ਸਮਾਗਮ

15 ਤੋਂ 18 ਸਤੰਬਰ ਨੂੰ ਹੋਵੇਗਾ। ਵੇਰਵਾ ਆਉਂਦੇ 'ਸੂਰਾ' ਵਿਚ

## ਬੰਗਲੌਰ ਵਿਖੇ ਅਖੰਡ ਕੀਰਤਨ ਸਮਾਗਮ

ਅਖੰਡ ਕੀਰਤਨੀ ਜਥਿਆਂ ਵਲੋਂ ਸ੍ਰੀ ਗੁਰੂ ਸਿੰਘ ਸਭਾ, ਅਲਸੂਰ ਬੰਗਲੌਰ ਵਿਖੇ ਕੀਰਤਨ ਸਮਾਗਮ ਰਖੇ ਗਏ ਹਨ। 6 ਤੋਂ 9 ਜੁਲਾਈ 1994 ਨੂੰ ਸਵੇਰੇ ਸ਼ਾਮ ਅਖੰਡ ਕੀਰਤਨ ਅਖਾੜੇ ਸਜਣਗੇ, 9 ਜੁਲਾਈ ਰਾਤ ਨੂੰ ਰੈਣ ਸਬਾਈ ਕੀਰਤਨ ਦੀਆਂ ਗੂੰਜਾਂ ਪੈਣਗੀਆਂ। ਸੰਗਤਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਦਿਤੀ ਜਾਵੇਗੀ। ਆਪਣੇ ਆਉਣ ਬਾਰੇ ਹੇਠ ਲਿਖੇ ਪਤੇ ਤੇ ਚਿਠੀ ਪਾ ਕੇ ਸੂਚਿਤ ਕਰ ਦੇਣਾ ਜੀ—

*JWO* ਹਰਪਾਲ ਸਿੰਘ, *SMQ* 68/6 *HQ TC (U)Air Force Hebbal*, ਬੰਗਲੌਰ 560006

ਫੋਨ ਸ: ਬਲਬੀਰ ਸਿੰਘ : ਘਰ : 562810, ਦਫਤਰ 578824

ਦਰਸ਼ਨ ਅਭਿਲਾਖੀ ਦਾਸਰੇ —ਜਸਵਿੰਦਰ ਸਿੰਘ (ਮਦਰਾਸ), ਗੁਰਿੰਦਰ ਸਿੰਘ (ਬੰਗਲੌਰ)

---

### ਪਿੰਡ ਕੰਗਣਵਾਲ (ਸੰਗਰੂਰ) ਗੁ: ਨਾਨਕ ਦਰਬਾਰ ਵਿਖੇ 9 ਜੁਲਾਈ ਨੂੰ ਰੈਣ ਸਬਾਈ ਕੀਰਤਨ

ਮੰਡੀ ਅਹਿਮਦਗੜ੍ਹ ਬਸ ਅੱਡੇ ਤੋਂ ਸ਼ਾਮ ਸਵਾ ਸਤ ਵਜੇ ਟਰਾਲੀ ਚਲੇਗੀ।

### ਪਿੰਡ ਸੁਜੋਂ (ਨਵਾਂ ਸ਼ਹਿਰ) ਗ੍ਰਿਹਿ ਭਾ: ਤਰਲੋਕ ਸਿੰਘ, 17 ਜੁਲਾਈ ਭੋਗ ਅਖੰਡਪਾਠ ਦੁਪਹਿਰ ਤਕ ਕੀਰਤਨੀ

### ਮੰਡੀ ਅਹਿਮਦਗੜ੍ਹ (ਸੰਗਰੂਰ) ਛਪਾਰ ਰੋਡ, ਨੇੜੇ ਧੂਲਕੋਟ ਚੌਕ ਰੈਣ ਸਬਾਈ ਕੀਰਤਨ 23 ਜੁਲਾਈ

---

### ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

(1) ਮਿਤੀ 9-7-94 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਨਿਊ ਗੁਰਦਵਾਰਾ ਕਨਵੈਂਟਰੀ (ਸ੍ਰੀ ਗੁਰੂ ਸਿੰਘ ਸਭਾ) 47-49, ਕਰਾਸ ਰੋਡ, ਕਨਵੈਂਟਰੀ *CV6-56R*.

ਫੋਨ ਗੁਰਦਵਾਰਾ 0203-684802, ਭਾ: ਮਹਿੰਦਰ ਸਿੰਘ ਅਟਵਾਲ 0203-665293

(2) ਮਿਤੀ 23-7-94 ਨੂੰ ਸਿਖ ਟੈਂਪਲ 96-98 ਨਿਊ ਸਟਰੀਟ ਲਮਿੰਗਟਨ ਸਪਾ ਵਿਖੇ ਭਾ: ਜਰਨੈਲ ਸਿੰਘ ਜੀ ਦੀ ਲੜਕੀ ਦਾ ਅਨੰਦ ਕਾਰਜ ਭਾਈ ਜਸਵੰਤ ਸਿੰਘ ਦੇ ਲੜਕੇ ਨਾਲ ਹੋ ਰਿਹਾ ਹੈ।

ਫੋਨ ਗੁਰਦਵਾਰਾ 0926-424297, ਭਾਈ ਜਰਨੈਲ ਸਿੰਘ ਲਮਿੰਗਟਨ 0926-330008 (ਘਰ)

ਫੋਨ ਭਾਈ ਜਸਵੰਤ ਸਿੰਘ ਸਲੌਅ 0753-572737

ਯੂ.ਕੇ. ਦੇ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਦਾ ਪਤਾ (ਫੋਨ 0734-267900)

Bhai Gurnam Singh, 10-Lambourne Gardens, Earley, Reading, Berk, U.K.

---

### ਗੁਰਬਾਣੀ ਦੇ ਸਤਿਕਾਰ ਲਈ 'ਸੂਰਾ' ਪੱਤਰ ਨੂੰ ਉੱਚੀ ਥਾਂ ਰਖੋ ਜੀ

---

### ਸੂਰਾ ਮਾਸਕ ਪੱਤਰ ਅੰਮ੍ਰਿਤਸਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਗੁਪਤ ਸੇਵਾ | ੫੦੦੦-੦੦ | ਸ: ਨਾਨਕ ਸਿੰਘ ਪੂਨਾ | ੧੬੭੦.੦੦ |
| ਗੁਪਤ ਸੇਵਾ | ੧੦੦੦-੦੦ | ਗੁ: ਗੁਰੂ ਤੇਗ ਬਹਾਦਰ, ਸੈਕਟਰ 34 ਚੰਡੀਗੜ੍ਹ | ੫੦-੦੦ |
| ਸੇਵਾਦਾਰ ਗੁਰਦਵਾਰਾ ਜੋਧਪੁਰ | ੧੦੦-੦੦ | ਸ: ਕਰਨੈਲ ਸਿੰਘ ਸਗੀ (ਕੈਨੇਡਾ) | ੫੦੦-੦੦ |

www.AKJ.Org